Sunday Samaj Weekly

Vol :16 : # 643: 08/02/2026 - 14/02/2026 www.samajweekly.com samajweekly @samajweekly

Punjabi, Hindi & English Newspaper- Uk&Eu Edition

ਰਾਮਾਬਾਈ ਅੰਬੇਡਕਰ ਜੀ

ਤੇਰੇ ਤਿਆਗ ਕਰਕੇ

ਧਰਮ ਪਾਲ ਪੈਂਥਰ

ਮੇਰੀ ਮਾਤਾ ਰਮਾ,
ਉਹ ਭਿਆਨਕ ਸੀ ਸਮਾਂ ।
ਜਦੋਂ ਮੈਂ ਪੜ੍ਹਦਾ ਤੇਰੇ ਬਾਰੇ
ਸੋਚਦਾ ਹਾਂ ਮੈਂ ਤੇਰੇ ਬਾਰੇ
ਕਿਵੇਂ ਤੂੰ ਦਿਨ ਗੁਜ਼ਾਰੇ
ਨਾ ਤੂੰ ਕੋਈ ਮਹਿਲ ਉਸਾਰੇ
ਕੌਮ ਤੋਂ ਚਾਰ ਪੁੱਤਰ ਵਾਰੇ
ਬਿਨ ਕਫ਼ਨ ਤੋਂ ਦੱਬੇ ਸਾਰੇ
ਆਪ ਹਾਰੀ ਪਰ ਦੁੱਖ ਨਾ ਹਾਰੇ ।
ਮੇਰੀ ਮਾਤਾ ਰਮਾ,
ਉਹ ਭਿਆਨਕ ਸੀ ਸਮਾਂ ।
ਗਰੀਬੀ, ਬੀਮਾਰੀ ਤੇ ਮੰਦਹਾਲੀ,
ਤੂੰ ਪਿੰਡੇ ‘ਤੇ ਹੰਢਾਈ,
ਭਾਵੇਂ ਵਕੀਲ ਸੀ ਸਿਰ ਦਾ ਸਾਂਈ ।
ਮਿਹਨਤ ਕੀਤੀ ਹੱਥ ਨਹੀਂ ਅੱਡਿਆ
ਚਰਾਂਦਾਂ ਵਿੱਚੋਂ ਗੋਬਰ ਇੱਕਠਾ ਕਰਿਆ
ਗੋਬਰ ਦੇ ਉਪਲੇ ਬਣਾ ਕੇ ਵੇਚਿਆ
ਲੋਕਾਂ ਨੇ ਬਥੇਰਾ ਤੰਝ ਕੱਸਿਆ
ਇਰਾਦਿਆਂ ਨੂੰ ਰੋਕ ਨਾ ਸਕਿਆ
ਗ੍ਰਹਿਸਥੀ ਜੀਵਨ ਚਲਾਇਆ
ਭੀਮ ਦੀ ਪੜ੍ਹਾਈ ਨੂੰ ਆਂਚ ਨਾ ਆਇਆ
ਸਾਹਿਬ ਘਰ ਦਾ ਫ਼ਿਕਰ ਨਾ ਕਰ
ਇਹ ਕਹਿ ਕੇ ਹੌਸਲਾ ਵਧਾਇਆ ।
ਮੇਰੀ ਮਾਤਾ ਰਮਾ,
ਉਹ ਭਿਆਨਕ ਸੀ ਸਮਾਂ ।
ਤੇਰੇ ਕੁਰਬਾਨੀ ਸਦਕਾ ਭੀਮ ਤੋਂ
ਬਾਬਾ ਸਾਹਿਬ ਅੰਬੇਡਕਰ ਬਣਿਆ
ਦੁਨੀਆਂ ਨੇ ਜਾਣਿਆ ਤੇ ਸੁਣਿਆ
ਡਰਾਫਟਿੰਗ ਕਮੇਟੀ ਦਾ ਚੇਅਰਮੈਨ ਚੁਣਿਆ
ਸੰਵਿਧਾਨ ਦਾ ਤਾਣਾ ਬਾਣਾ ਬੁਣਿਆ
ਭਾਰਤੀ ਸੰਵਿਧਾਨ ਦਾ ਨਿਰਮਾਤਾ ਬਣਿਆ
ਨਾਰੀ ਜਾਤੀ ਦਾ ਮੁਕਤੀਦਾਤਾ ਬਣਿਆ
ਕਰੋੜਾਂ ਲੋਕਾਂ ਦਾ ਮਸੀਹਾ ਬਣਿਆ
ਸੈਂਕੜੇ ਕਿਤਾਬਾਂ ਦਾ ਰਚੇਤਾ ਬਣਿਆ
ਦੇਸ਼ਾਂ ਵਿਦੇਸ਼ਾਂ ਨੇ ਤੇਰੇ ਗਿਆਨ ਦਾ ਲੋਹਾ ਮੰਨਿਆ
ਸਿੰਬਲ ਆਫ ਨਾਲੇਜ ਦਾ ਖ਼ਿਤਾਬ ਮਿਲਿਆ ।
ਮਾਤਾ ਰਮਾ ਇਹ ਸਭ ਤੇਰੇ ਸਿਦਕ ਕਰਕੇ
ਤੇਰੇ ਤਿਆਗ ਕਰਕੇ
ਵੇਖਦਾ ਹਾਂ ਜਦੋਂ ਇਤਿਹਾਸ ਪੜ੍ਹਕੇ
ਕਲਮ ਲਿਖਦੀ ਹੈ ਸ਼ਬਦ ਹਾਉਂਕੇ ਭਰਦੇ
ਮੇਰੇ ਅੰਦਰ ਬਣ ਕੇ ਭਾਂਬੜ ਮੱਚਦੇ
ਪੈਂਥਰ ਲੋਕ ਕਰਜ਼ ਨਹੀਂ ਚੁਕਾ ਸਕਦੇ
ਸੋ ਵਾਰੀ ਜਨਮ ਲੈ ਕੇ ਵੀ ।

20 ਹਜ਼ਾਰ ਦਾ ਉਧਾਰ ਮੋੜਨ ਲਈ ਕੀਤਾ ਸੀ ਐੱਨ ਆਰ ਆਈ ਮਕਾਨ ਮਾਲਕਣ ਦਾ ਕਤਲ

ਲੁਧਿਆਣਾ। ਖੰਨਾ ਪੁਲੀਸ ਨੇ 81 ਸਾਲਾ ਪਰਵਾਸੀ ਭਾਰਤੀ ਮਹਿਲਾ ਜਗਪਾਲ ਕੌਰ ਦੇ ਅਣੇ ਕਤਲ ਦੀ ਗੁੱਥੀ ਨੂੰ ਉਸ ਦੇ ਕਿਰਾਏਦਾਰ ਨੂੰ ਗ੍ਰਿਫ਼ਤਾਰ ਕਰਕੇ ਸੁਲਝਾਉਣ ਦਾ ਦਾਅਵਾ ਕੀਤਾ ਹੈ। ਉਸ ਨੇ ਆਪਣੀ ਮਾਲਕਣ ਦਾ ਕਤਲ ਇਸ ਲਈ ਕੀਤਾ ਕਿਉਂਕਿ ਉਸ ਨੇ ਅਲੀਗੜ੍ਹ (ਯੂ.ਪੀ.) ਦੇ ਕਿਸੇ ਵਿਅਕਤੀ ਦੇ 20,000 ਰੁਪਏ ਦੇਣੇ ਕਰਨੇ ਸਨ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਰਾਹੁਲ ਵਜੋਂ ਹੋਈ ਹੈ, ਜੋ ਅਲੀਗੜ੍ਹ (ਯੂ.ਪੀ.) ਦਾ ਰਹਿਣ ਵਾਲਾ ਹੈ ਅਤੇ ਇਸ ਸਮੇਂ ਖੰਨਾ ਦੀ ਨਵੀਂ ਆਬਾਦੀ ਵਿੱਚ ਮ੍ਰਿਤਕ ਮਹਿਲਾ ਦੇ ਘਰ ਵਿੱਚ ਰਹਿ ਰਿਹਾ ਸੀ। ਖੰਨਾ ਦੀ ਐੱਸ ਐੱਸ ਪੀ ਦਰਪਣ ਅਹਲੂਵਾਲੀਆ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ 1 ਫਰਵਰੀ 2026 ਨੂੰ ਪੁਲੀਸ ਕੰਟਰੋਲ ਰੂਮ ਦੇ 112 ਹੈਲਪਲਾਈਨ ਨੰਬਰ 'ਤੇ ਸ਼ਿਕਾਇਤ ਮਿਲੀ ਸੀ ਕਿ ਖੰਨਾ ਦੇ ਇੱਕ ਘਰ ਵਿੱਚ ਇੱਕ ਬਜ਼ੁਰਗ ਮਹਿਲਾ ਦਾ ਕਤਲ ਕਰ ਦਿੱਤਾ

ਗਿਆ ਹੈ। ਕਤਲ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲੀਸ ਪਾਰਟੀ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਫੋਰੈਂਸਿਕ ਅਤੇ ਤਕਨੀਕੀ ਸੈੱਲ ਦੀਆਂ ਟੀਮਾਂ ਵੱਲੋਂ ਕਤਲ ਦੀ ਜਾਂਚ ਸ਼ੁਰੂ ਕੀਤੀ ਗਈ ਸੀ। ਇਸ ਘਟਨਾ ਨੂੰ ਚੁਣੌਤੀ ਵਜੋਂ ਲੈਂਦਿਆਂ ਐਸ.ਪੀ ਡਿਟੈਕਟਿਵ ਪਵਨਜੀਤ ਦੀ ਨਿਗਰਾਨੀ ਹੇਠ ਦੋ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਅਤੇ ਕਤਲ ਕਰਨ ਵਾਲੇ ਅਣਪਛਾਤੇ ਵਿਅਕਤੀ ਦੀ ਭਾਲ ਸ਼ੁਰੂ ਕੀਤੀ ਗਈ। ਜਾਂਚ ਦੌਰਾਨ ਪੁਲੀਸ ਨੂੰ ਕਿਰਾਏਦਾਰ ਰਾਹੁਲ ਦੀ ਭੂਮਿਕਾ ਸ਼ੱਕੀ ਲੱਗੀ ਅਤੇ ਉਸ ਅਨੁਸਾਰ ਸ਼ੱਕੀ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ। ਅਹਲੂਵਾਲੀਆ ਨੇ ਅੱਗੇ ਦੱਸਿਆ ਕਿ 6 ਫਰਵਰੀ ਨੂੰ ਰਾਹੁਲ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ ਅਤੇ ਮੁਢਲੀ ਪੁੱਛਗਿੱਛ ਦੌਰਾਨ ਉਸ ਨੇ ਆਪਣਾ ਜੁਰਮ ਕਬੂਲ ਕਰ ਲਿਆ। ਰਾਹੁਲ ਨੇ ਮੰਨਿਆ ਕਿ ਉਸ ਨੇ ਕਿਸੇ ਵਿਅਕਤੀ ਨੂੰ 20,000 ਰੁਪਏ ਨਕਦ ਮੋੜਨੇ ਸਨ ਜੋ ਉਸ ਨੇ ਆਪਣੇ ਪਿਤਾ ਦੇ ਇਲਾਜ ਲਈ ਉਧਾਰ ਲਏ ਸਨ। ਉਹ ਪਿਛਲੇ ਤਿੰਨ ਸਾਲਾਂ ਤੋਂ ਆਪਣੀ ਪਤਨੀ ਅਤੇ ਦੋ ਬੱਚਿਆਂ ਸਮੇਤ ਮ੍ਰਿਤਕ ਮਹਿਲਾ ਦੇ ਘਰ ਰਹਿ ਰਿਹਾ ਸੀ। ਰਾਹੁਲ ਨੂੰ ਇਹ ਵੀ ਪਤਾ ਸੀ ਕਿ ਜਿਸ ਮਹਿਲਾ ਜਗਪਾਲ ਕੌਰ ਦੇ ਘਰ ਉਹ ਕਿਰਾਏਦਾਰ ਵਜੋਂ ਰਹਿੰਦਾ ਸੀ, ਉਸ ਨੂੰ ਹੋਰ ਕਈ ਕਿਰਾਏ ਦੀਆਂ ਜਾਇਦਾਦਾਂ ਤੋਂ ਕਿਰਾਇਆ ਆਉਂਦਾ ਸੀ। ਉਸ ਨੇ ਘਰ ਦੀ ਬਾਹਰਲੀ ਕੰਧ ਟੱਪ ਕੇ 31 ਜਨਵਰੀ ਅਤੇ 1 ਫਰਵਰੀ ਦੀ ਦਰਮਿਆਨੀ ਰਾਤ ਨੂੰ ਘਰ ਦੇ ਅੰਦਰ ਪ੍ਰਵੇਸ਼ ਕੀਤਾ ਅਤੇ ਲੁਕ ਕੇ ਬੈਠ ਗਿਆ। ਜਿਵੇਂ ਹੀ ਜਗਪਾਲ ਕੌਰ ਕਮਰੇ ਵਿੱਚੋਂ ਬਾਹਰ ਆਈ, ਉਸ ਨੇ ਪਿੱਛੋਂ ਜਾ ਕੇ ਉਸ ਦਾ ਗਲਾ ਘੁੱਟ ਦਿੱਤਾ।

ਸਰਦੂਲਗੜ੍ਹ 'ਚ ਇਕੋ ਪ੍ਰਵਾਰ ਦੇ 4 ਜੀਆਂ ਦੀ ਮੌਤ, ਟਰਾਲੇ ਨਾਲ ਟਕਰਾਈ ਕਾਰ

ਮਾਨਸਾ। ਮਾਨਸਾ ਜ਼ਿਲ੍ਹੇ ਦੇ ਸਰਦੂਲਗੜ੍ਹ ਵਿੱਚ ਬੀਤੀ ਦੇਰ ਰਾਤ ਇੱਕ ਕਾਰ ਅਤੇ ਟਰਾਲੇ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਹਾਦਸੇ ਵਿਚ ਚਾਰ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਕਾਰ ਚਾਲਕ ਗੰਭੀਰ ਜ਼ਖ਼ਮੀ ਹੋ ਗਿਆ। ਜ਼ਖ਼ਮੀ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਇਹ ਹਾਦਸਾ ਮਾਨਸਾ-ਸਿਰਸਾ ਸੜਕ 'ਤੇ ਸਰਦੂਲੇਵਾਲਾ ਪਿੰਡ ਨੇੜੇ ਵਾਪਰਿਆ। ਸੂਚਨਾ ਮਿਲਣ 'ਤੇ ਸਰਦੂਲਗੜ੍ਹ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਪੁਲਿਸ ਨੇ ਵੀ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਰਦੂਲਗੜ੍ਹ ਦੇ ਐਸਐਚਓ ਗਣੇਸ਼ ਵਾਰ ਨੇ ਕਿਹਾ ਕਿ ਮ੍ਰਿਤਕਾਂ ਵਿੱਚ ਤਿੰਨ ਔਰਤਾਂ ਅਤੇ ਇਕ ਬਜ਼ੁਰਗ ਵਿਅਕਤੀ ਸ਼ਾਮਲ ਹੈ। ਕਾਰ ਚਾਲਕ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਟੱਕਰ ਇੰਨੀ ਭਿਆਨਕ ਸੀ ਕਿ ਚਾਰ ਲੋਕਾਂ ਦੀ ਮੌਤ ਹੋ ਗਈ। ਮ੍ਰਿਤਕ

ਅਤੇ ਜ਼ਖਮੀ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਰਹਿਣ ਵਾਲੇ ਸਨ ਅਤੇ ਚੰਡੀਗੜ੍ਹ ਵਿੱਚ ਇੱਕ ਵਿਆਹ ਤੋਂ ਵਾਪਸ ਆ ਰਹੇ ਸਨ।

ਬਾਲਗਾਂ ਨੂੰ ਵਿਆਹ ਕਰਨ ਦਾ ਸੰਵਿਧਾਨਕ ਅਧਿਕਾਰ ਹੈ, ਮਾਪੇ ਦਖ਼ਲ ਨਹੀਂ ਦੇ ਸਕਦੇ: ਦਿੱਲੀ ਹਾਈ ਕੋਰਟ

ਨਵੀਂ ਦਿੱਲੀ। ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਬਾਲਗਾਂ ਨੂੰ ਇਕ-ਦੂਜੇ ਨਾਲ ਵਿਆਹ ਕਰਨ ਦਾ ਸੰਵਿਧਾਨਕ ਅਧਿਕਾਰ ਹੈ ਅਤੇ ਨਾ ਤਾਂ ਸਮਾਜ ਅਤੇ ਨਾ ਹੀ ਸਰਕਾਰੀ ਮਸ਼ੀਨਰੀ ਅਤੇ ਨਾ ਹੀ ਉਨ੍ਹਾਂ ਦੇ ਮਾਪੇ ਉਨ੍ਹਾਂ ਦੇ ਫੈਸਲੇ 'ਚ ਦਖਲ ਦੇ ਸਕਦੇ ਹਨ। ਅਦਾਲਤ ਨੇ ਇਹ ਹੁਕਮ ਇਕ ਜੋੜੇ ਵਲੋਂ ਦਾਇਰ ਪਟੀਸ਼ਨ ਉਤੇ ਦਿਤਾ। ਉਨ੍ਹਾਂ ਔਰਤ ਦੇ ਪਿਤਾ ਤੋਂ ਸੁਰੱਖਿਆ ਦੀ ਮੰਗ ਕਤੀ ਸੀ, ਜਿਸ ਨੇ ਉਸ ਦੀ ਪਸੰਦ ਨੂੰ ਮਨਜ਼ੂਰੀ ਨਹੀਂ ਦਿਤੀ। ਜਸਟਿਸ ਸੌਰਭ ਬੈਨਰਜੀ ਨੇ ਕਿਹਾ ਕਿ ਵਿਆਹ ਦਾ ਅਧਿਕਾਰ ਮਨੁੱਖੀ ਆਜ਼ਾਦੀ ਅਤੇ ਚੋਣ ਦੀ ਘਟਨਾ ਹੈ, ਜੋ ਸੰਵਿਧਾਨ ਦੀ ਧਾਰਾ 21 ਅਤੇ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ ਦਾ ਅਨਿੱਖੜਵਾਂ ਪਹਿਲੂ ਹੈ। ਅਦਾਲਤ ਨੇ ਅਪਣੇ ਹੁਕਮ 'ਚ ਕਿਹਾ, ''ਕਿਉਂਕਿ ਇੱਥੇ ਪਟੀਸ਼ਨਕਰਤਾ ਦੋਵੇਂ ਵੱਡੇ ਹਨ ਅਤੇ ਇਕ-ਦੂਜੇ ਨਾਲ ਵਿਆਹ ਕਰਨ ਦੇ ਅਪਣੇ ਅਧਿਕਾਰ ਦੇ ਅੰਦਰ ਹਨ, ਅਤੇ ਜਿਨ੍ਹਾਂ ਨੇ ਸਹਿਮਤੀ ਵਾਲੇ ਬਾਲਗ ਹੋਣ ਦੇ ਨਾਤੇ, ਅਪਣੀ ਮਰਜ਼ੀ ਨਾਲ

ਉਨ੍ਹਾਂ ਦੇ ਹੱਥ ਫੜਨ ਅਤੇ ਵਿਆਹ ਦੇ ਪਵਿੱਤਰ ਧਾਗੇ ਵਿਚ ਦਾਖਲ ਹੋ ਕੇ ਅਪਣੀ ਪੂਰੀ ਜ਼ਿੰਦਗੀ ਦੀ ਯਾਤਰਾ ਵਿਚ ਤੁਰਨ ਦੀ ਚੋਣ ਕੀਤੀ ਹੈ, ਇਸ ਲਈ ਕੋਈ ਵੀ, ਸਮਾਜ, ਰਾਜ ਮਸ਼ੀਨਰੀ ਜਾਂ ਇੱਥੋਂ ਤਕ ਕਿ ਉਨ੍ਹਾਂ ਦੇ ਮਾਪੇ ਜਾਂ ਰਿਸ਼ਤੇਦਾਰ ਜਾਂ ਦੋਸਤ ਵੀ ਪਟੀਸ਼ਨਕਰਤਾਵਾਂ ਦੇ ਫੈਸਲੇ ਵਿਚ ਕਿਸੇ ਵੀ ਤਰੀਕੇ ਨਾਲ ਦਖਲਅੰਦਾਜ਼ੀ ਨਹੀਂ ਕਰ ਸਕਦੇ ਅਦਾਲਤ ਨੇ 2 ਫ਼ਰਵਰੀ ਨੂੰ ਜਾਰੀ ਕੀਤੇ ਹੁਕਮ 'ਚ ਕਿਹਾ ਸੀ।'' ਇਸ ਵਿਚ ਕਿਹਾ ਗਿਆ ਹੈ ਕਿ ਦਰਅਸਲ, ਵਿਆਹ ਕਰਨ ਦੇ ਉਨ੍ਹਾਂ ਦੇ ਫੈਸਲੇ ਨੂੰ ਪਵਿੱਤਰਤਾ ਦਿਤੀ ਜਾਣੀ ਚਾਹੀਦੀ ਹੈ, ਖ਼ਾਸਕਰ ਕਿਉਂਕਿ ਪਟੀਸ਼ਨਕਰਤਾ ਉਨ੍ਹਾਂ ਬਾਲਗਾਂ ਦੀ ਸਹਿਮਤੀ ਦੇ ਰਹੇ ਹਨ, ਜਿਨ੍ਹਾਂ ਨੂੰ ਅਪਣੇ ਜੀਵਨ ਸਾਥੀ ਦੀ ਚੋਣ ਕਰਨ ਦਾ ਸੰਵਿਧਾਨਕ ਅਧਿਕਾਰ ਹੈ। ਜੋੜੇ ਨੇ ਜੁਲਾਈ 2025 ਵਿਚ ਆਰੀਆ ਸਮਾਜ ਮੰਦਰ ਵਿਚ ਹਿੰਦੂ ਰੀਤੀ ਰਿਵਾਜਾਂ ਅਤੇ ਰਸਮਾਂ ਦੇ ਅਨੁਸਾਰ ਵਿਆਹ ਕੀਤਾ ਸੀ ਅਤੇ ਫਿਰ ਸਬੰਧਤ ਸਬ-ਡਵੀਜ਼ਨਲ ਮੈਜਿਸਟਰੇਟ (ਐਸ.ਡੀ.ਐਮ.) ਦੇ ਸਾਹਮਣੇ ਇਸ ਨੂੰ ਰਜਿਸਟਰ ਕੀਤਾ ਸੀ।

ਚੰਡੀਗੜ੍ਹ ਵਿੱਚ ਅਗਵਾ ਕਰਕੇ ਨੌਜਵਾਨ ਦਾ ਕਤਲ

ਚੰਡੀਗੜ੍ਹ। ਚੰਡੀਗੜ੍ਹ ਦੇ ਹੱਲੋਮਾਜਰਾ ਤੋਂ ਇੱਕ ਨੌਜਵਾਨ ਨੂੰ ਅਗਵਾ ਕਰਕੇ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮੁਲਜ਼ਮ ਪਹਿਲਾਂ ਨੌਜਵਾਨ ਨੂੰ ਜ਼ੀਰਕਪੁਰ ਲੈ ਗਏ, ਜਿੱਥੇ ਰਸਤੇ ਵਿੱਚ ਉਸ 'ਤੇ ਹਮਲਾ ਕੀਤਾ ਗਿਆ। ਫਿਰ ਉਸਨੂੰ ਡੇਰਾਬੱਸੀ ਲੈ ਗਏ ਜਿੱਥੇ ਉਸ 'ਤੇ ਲੋਹੇ ਦੀਆਂ ਰਾਡਾਂ ਨਾਲ ਬੇਰਹਿਮੀ ਨਾਲ ਹਮਲਾ ਕੀਤਾ ਗਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸੈਕਟਰ 20 ਦੇ ਰਹਿਣ ਵਾਲੇ ਸੁਸ਼ੀਲ ਉਰਫ ਸਾਹਿਲ ਵਜੋਂ ਹੋਈ ਹੈ, ਸ਼ੁੱਕਰਵਾਰ ਦੁਪਹਿਰ ਨੂੰ ਡੇਰਾਬੱਸੀ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਲਾਸ਼ ਲਵਾਰਸ ਹਾਲਤ ਵਿਚ ਮਿਲੀ। ਇਸ ਤੋਂ ਬਾਅਦ ਲਾਸ਼ ਨੂੰ ਸੈਕਟਰ 32 ਦੇ ਜੀਐਮਸੀਐਚ ਦੇ ਮੁਰਦਾਘਰ ਵਿੱਚ ਭੇਜ ਦਿੱਤਾ ਗਿਆ। ਅੱਜ ਪੋਸਟਮਾਰਟਮ ਤੋਂ ਬਾਅਦ, ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਜਾਵੇਗੀ। ਇਸ ਮਾਮਲੇ ਵਿੱਚ, ਸੈਕਟਰ-31 ਥਾਣੇ ਨੇ ਪਹਿਲਾਂ ਪੀੜਤ ਦੇ ਰਿਸ਼ਤੇਦਾਰ ਵਿਜੇ ਕੁਮਾਰ ਦੇ ਬਿਆਨ 'ਤੇ ਜ਼ੀਰਕਪੁਰ ਦੀ ਪ੍ਰੀਤ ਕਲੋਨੀ ਦੇ ਵਸਨੀਕ ਅਨਿਲ ਅਤੇ ਉਸ ਦੇ ਤਿੰਨ ਸਾਥੀਆਂ ਵਿਰੁੱਧ ਅਗਵਾ ਦਾ ਮਾਮਲਾ

ਦਰਜ ਕੀਤਾ ਸੀ। ਲਾਸ਼ ਮਿਲਣ ਤੋਂ ਬਾਅਦ, ਪੁਲਿਸ ਨੇ ਐਫਆਈਆਰ ਵਿੱਚ ਕਤਲ ਦੇ ਦੋਸ਼ ਵੀ ਸ਼ਾਮਲ ਕੀਤੇ ਹਨ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸੁਸ਼ੀਲ ਦੀ ਮੰਗਣੀ ਹੋ ਚੁੱਕੀ ਸੀ ਅਤੇ ਲਗਭਗ ਦੋ ਮਹੀਨਿਆਂ ਵਿੱਚ ਉਸ ਦਾ ਵਿਆਹ ਹੋਣ ਵਾਲਾ ਸੀ। ਕਤਲ ਦੀ ਖ਼ਬਰ ਨਾਲ ਪਰਿਵਾਰ ਸਦਮੇ ਵਿਚ ਹੈ। ਸੁਸ਼ੀਲ ਦੇ ਮਾਤਾ-ਪਿਤਾ ਅਤੇ ਭੈਣ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਆਂਧਰਾ ਪ੍ਰਦੇਸ਼ 'ਚ ਭਿਆਨਕ ਹਾਦਸਾ ਟਲਿਆ, ਚਲਦੀ ਬੱਸ ਬਣੀ ਅੱਗ ਦਾ ਗੋਲਾ, 39 ਸਵਾਰੀਆਂ ਦੀ ਬਚੀ ਜਾਨ

ਹੈਦਰਾਬਾਦ। ਹੈਦਰਾਬਾਦ ਤੋਂ ਵਿਜੇਵਾੜਾ ਜਾ ਰਹੀ ਇੱਕ ਨਿੱਜੀ ਬੱਸ ਵਿੱਚ ਆਂਧਰਾ ਪ੍ਰਦੇਸ਼ ਦੇ ਐਨ.ਟੀ.ਆਰ. ਜ਼ਿਲ੍ਹੇ ਦੇ ਕੰਚੀਕਚੇਰਲਾ ਪੁਲਿਸ ਸਟੇਸ਼ਨ ਖੇਤਰ ਅਧੀਨ ਪੈਂਦੇ ਨੰਦੀਗਾਮਾ ਨੇੜੇ ਕੀਸਾਰਾ ਟੋਲ ਪਲਾਜ਼ਾ ਪਾਰ ਕਰਨ ਤੋਂ ਬਾਅਦ ਅਚਾਨਕ ਅੱਗ ਲੱਗ ਗਈ, ਜਿਸ ਕਾਰਨ 39 ਯਾਤਰੀ ਵਾਲ-ਬਾਲ ਬਚ ਗਏ। ਕੀਸਾਰਾ ਟੋਲ ਪਲਾਜ਼ਾ ਪਾਰ ਕਰਨ ਤੋਂ ਬਾਅਦ ਇੱਕ ਵੱਡਾ ਹਾਦਸਾ ਟਲ ਗਿਆ। ਇੰਜਣ ਦੇ ਪਿਛਲੇ ਹਿੱਸੇ ਵਿੱਚੋਂ ਨਿਕਲ ਰਹੇ ਧੂੰਏਂ ਨੇ ਡਰਾਈਵਰ ਨੂੰ ਸੁਚੇਤ ਕਰ ਦਿੱਤਾ, ਜਿਸ ਨੇ ਸਮਾਂ ਰਹਿੰਦਿਆਂ ਹੀ ਬੱਸ ਰੋਕ ਦਿੱਤੀ। ਅੱਗ ਫੈਲਣ ਤੋਂ ਪਹਿਲਾਂ ਹੀ ਸਾਰੇ 39 ਯਾਤਰੀ, ਡਰਾਈਵਰ ਅਤੇ ਸਫ਼ਾਈ ਕਰਮਚਾਰੀ ਆਪਣੇ ਸਾਮਾਨ ਸਮੇਤ ਸੁਰੱਖਿਅਤ ਬੱਸ ਤੋਂ ਹੇਠਾਂ ਉਤਰ ਗਏ। ਬੱਸ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਈ। ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਅਤੇ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ।

ਬਾਥਰੂਮ ਕਰਨ ਲਈ ਬੱਸ ਤੋਂ ਉਤਰੀਆਂ ਸਵਾਰੀਆਂ ਨੂੰ ਕੰਟੇਨਰ ਨੇ ਦਰੜਿਆ, 6 ਲੋਕਾਂ ਦੀ ਹੋਈ ਮੌਤ, 1 ਜ਼ਖ਼ਮੀ

ਮਥੁਰਾ। ਉੱਤਰ ਪ੍ਰਦੇਸ਼ ਦੇ ਮਥੁਰਾ ਦੇ ਯਮੁਨਾ ਐਕਸਪ੍ਰੈਸਵੇਅ 'ਤੇ ਇੱਕ ਤੇਜ਼ ਰਫ਼ਤਾਰ ਕੰਟੇਨਰ ਨੇ ਇੱਕ ਸਲੀਪਰ ਬੱਸ ਤੋਂ ਉਤਰ ਰਹੇ ਯਾਤਰੀਆਂ ਨੂੰ ਕੁਚਲ ਦਿੱਤਾ। ਇਸ ਹਾਦਸੇ ਵਿਚ ਛੇ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖ਼ਮੀ ਹੋ ਗਿਆ। ਇਹ ਘਟਨਾ ਅੱਜ ਤੜਕੇ 2:45 ਵਜੇ ਵਾਪਰੀ। ਰਿਪੋਰਟਾਂ ਅਨੁਸਾਰ, ਬੱਸ ਦਿੱਲੀ ਦੇ ਨਾਂਗਲੋਈ ਤੋਂ ਔਰਈਆ ਦੇ ਵਿਧੁਨਾ ਜਾ ਰਹੀ ਸੀ। ਰਸਤੇ ਵਿੱਚ, ਕੁਝ ਯਾਤਰੀਆਂ ਨੇ ਡਰਾਈਵਰ ਨੂੰ ਬਾਥਰੂਮ ਬ੍ਰੇਕ ਲਈ ਰੁਕਣ ਲਈ ਕਿਹਾ। ਗ੍ਰੀਨ ਜ਼ੋਨ ਵਿੱਚ ਰੁਕਣ ਦੀ ਬਜਾਏ, ਡਰਾਈਵਰ ਨੇ ਰਸਤੇ ਵਿਚ ਹੀ ਬੱਸ ਰੋਕ ਲਈ। ਕੁਝ ਯਾਤਰੀ ਬੱਸ ਤੋਂ ਉਤਰ ਕੇ ਹੇਠਾਂ ਖੜ੍ਹੇ ਹੋ ਗਏ, ਉਦੋਂ ਹੀ ਪਿੱਛੇ ਤੋਂ ਆ ਰਹੇ ਇੱਕ ਕੰਟੇਨਰ ਨੇ ਬੱਸ ਨੂੰ ਟੱਕਰ ਮਾਰ ਦਿੱਤੀ ਤੇ ਕੋਲੇ ਖੜ੍ਹੇ ਯਾਤਰੀਆਂ ਨੂੰ ਕੁਚਲ ਦਿੱਤਾ। ਕੰਟੇਨਰ ਚਾਲਕ ਮੌਕੇ ਤੋਂ ਭੱਜ ਗਿਆ। ਇਸ ਹਾਦਸੇ ਕਾਰਨ ਵਿਆਪਕ ਪੱਧਰ 'ਤੇ ਹੰਗਾਮਾ ਮਚ ਗਿਆ। ਘਟਨਾ ਸਥਾਨ 'ਤੇ ਲੰਮਾ ਟ੍ਰੈਫਿਕ ਜਾਮ ਲੱਗ ਗਿਆ। ਰਾਹਗੀਰਾਂ ਨੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਜ਼ਖ਼ਮੀਆਂ ਨੂੰ ਐਂਬੂਲੈਂਸ ਰਾਹੀਂ ਨਜ਼ਦੀਕੀ ਹਸਪਤਾਲ ਪਹੁੰਚਾਇਆ। ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ। ਇਹ ਹਾਦਸਾ ਸੂਰੀਰ ਪੁਲਿਸ ਸਟੇਸ਼ਨ ਖੇਤਰ ਵਿੱਚ ਮਾਈਲਸਟੋਨ 88 ਦੇ ਨੇੜੇ ਵਾਪਰਿਆ।

ਪੰਜਾਬ 'ਚ ਖ਼ੂਨੀ ਸਵੇਰ: ਹੁਸ਼ਿਆਰਪੁਰ 'ਚ ਧਾਰਮਿਕ ਅਸਥਾਨ ਤੋਂ ਪਰਤ ਰਹੀ ਬਜ਼ੁਰਗ ਮਹਿਲਾ ਦਾ ਗੋਲੀਆਂ ਮਾਰ ਕੇ ਕਤਲ, ਜਲੰਧਰ 'ਚ ਵੀ 'ਆਪ' ਆਗੂ ਦੀ ਹੱਤਿਆ

ਗੜ੍ਹਸ਼ੰਕਰ। ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ 'ਤੇ ਇੱਕ ਵਾਰ ਫਿਰ ਵੱਡੇ ਸਵਾਲ ਖੜ੍ਹੇ ਹੋ ਗਏ ਹਨ। ਹੁਸ਼ਿਆਰਪੁਰ ਦੇ ਗੜ੍ਹਸ਼ੰਕਰ ਅਧੀਨ ਪੈਂਦੇ ਪਿੰਡ ਮਹਿੰਦਵਾਨੀ ਗੁੱਜਰਾਂ ਵਿੱਚ ਅੱਜ ਤੜਕਸਾਰ ਇੱਕ ਰੂਹ ਕੰਬਾਊ ਵਾਰਦਾਤ ਵਾਪਰੀ, ਜਿੱਥੇ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ 62 ਸਾਲਾ ਇੱਕ ਬਜ਼ੁਰਗ ਮਹਿਲਾ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਮ੍ਰਿਤਕਾ ਦੀ ਪਛਾਣ ਰਚਨਾ ਦੇਵੀ ਪਤਨੀ ਸ਼ਾਮ ਲਾਲ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕਾ ਦਾ ਪਤੀ ਪੁਲਿਸ ਵਿਭਾਗ ਤੋਂ ਸੇਵਾ-ਮੁਕਤ ਮੁਲਾਜ਼ਮ ਹੈ।

ਮੱਥਾ ਟੇਕ ਕੇ ਵਾਪਸ ਆ ਰਹੀ ਸੀ ਮਹਿਲਾ

ਜਾਣਕਾਰੀ ਮੁਤਾਬਕ ਰਚਨਾ ਦੇਵੀ ਹਰ ਰੋਜ਼ ਦੀ ਤਰ੍ਹਾਂ ਸਵੇਰੇ ਕਰੀਬ 6 ਵਜੇ ਨੇੜਲੇ ਧਾਰਮਿਕ ਅਸਥਾਨ 'ਤੇ ਨਤਮਸਤਕ ਹੋਣ ਗਈ ਸੀ। ਜਦੋਂ ਉਹ ਮੱਥਾ ਟੇਕ ਕੇ ਘਰ ਵਾਪਸ ਪਰਤ ਰਹੀ ਸੀ, ਤਾਂ ਰਸਤੇ ਵਿੱਚ

ਘਾਤ ਲਗਾ ਕੇ ਬੈਠੇ ਹਮਲਾਵਰਾਂ ਨੇ ਉਸ 'ਤੇ ਤਾਬੜਤੋੜ ਫਾਇਰਿੰਗ ਕਰ ਦਿੱਤੀ। ਮਹਿਲਾ ਨੂੰ ਤਿੰਨ ਗੋਲੀਆਂ ਲੱਗੀਆਂ। ਗੰਭੀਰ ਹਾਲਤ ਵਿੱਚ ਉਸ ਨੂੰ ਹਸਪਤਾਲ ਲਿਜਾਂਦਾ ਜਾ ਰਿਹਾ ਸੀ, ਪਰ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਉਸ ਨੇ ਰਸਤੇ ਵਿੱਚ ਹੀ ਦਮ ਤੋੜ ਦਿੱਤਾ। ਵਾਰਦਾਤ ਤੋਂ ਬਾਅਦ ਹਮਲਾਵਰ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਏ।

ਪੁਲਿਸ ਵੱਲੋਂ ਜਾਂਚ ਤੇਜ਼

ਬੀਨੇਵਾਲ ਚੌਕੀ ਦੇ ਇੰਚਾਰਜ ਏ.ਐੱਸ.ਆਈ. ਓਂਕਾਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਗੜ੍ਹਸ਼ੰਕਰ ਦੇ ਸਿਵਲ ਹਸਪਤਾਲ ਭੇਜ ਦਿੱਤਾ ਹੈ। ਪੁਲਿਸ ਇਲਾਕੇ ਦੇ ਸੀਸੀਟੀਵੀ ਫੁਟੇਜ ਖੰਗਾਲ ਰਹੀ ਹੈ ਤਾਂ ਜੋ ਕਾਤਲਾਂ ਦਾ ਸੁਰਾਗ ਲਗਾਇਆ ਜਾ ਸਕੇ।

ਅਜੇ ਹੁਸ਼ਿਆਰਪੁਰ ਦੀ ਘਟਨਾ ਦੀ ਗੂੰਜ ਸ਼ਾਂਤ ਨਹੀਂ ਹੋਈ ਸੀ ਕਿ ਜਲੰਧਰ ਦੇ ਮਾਡਲ ਟਾਊਨ ਇਲਾਕੇ ਵਿੱਚ ਵਾਪਰੀ ਇੱਕ ਹੋਰ ਵਾਰਦਾਤ ਨੇ ਲੋਕਾਂ ਨੂੰ ਦਹਿਸ਼ਤ ਵਿੱਚ ਪਾ ਦਿੱਤਾ। ਇੱਥੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਲੱਕੀ ਓਬਰਾਏ ਦੀ ਉਸ ਵੇਲੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ, ਜਦੋਂ ਉਹ ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕ ਕੇ ਬਾਹਰ ਆ ਰਹੇ ਸਨ।

ਸਾਬਕਾ ਕੌਂਸਲਰ ਕੁਲਦੀਪ ਓਬਰਾਏ ਨੇ ਦੱਸਿਆ ਕਿ ਲੱਕੀ ਸਵੇਰੇ 8 ਵਜੇ ਗੁਰਦੁਆਰਾ ਸਾਹਿਬ ਗਏ ਸਨ। ਜਿਵੇਂ ਹੀ ਉਹ ਮੱਥਾ ਟੇਕ ਕੇ ਆਪਣੀ ਥਾਰ ਗੱਡੀ ਵਿੱਚ ਬੈਠਣ ਲੱਗੇ, ਐਕਟਿਵਾ ਸਵਾਰ ਦੋ ਹਮਲਾਵਰਾਂ ਨੇ ਉਨ੍ਹਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਪੁਲਿਸ ਮੁਤਾਬਕ ਇਨ੍ਹਾਂ ਦੋਵਾਂ ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਮੁਲਜ਼ਮਾਂ ਨੂੰ ਜਲਦ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਗਿਆ ਹੈ। ਇਨ੍ਹਾਂ ਲਗਾਤਾਰ ਵਾਪਰੀਆਂ ਵਾਰਦਾਤਾਂ ਕਾਰਨ ਸੂਬੇ ਵਿੱਚ ਦਹਿਸ਼ਤ ਦਾ ਮਾਹੌਲ ਹੈ ਅਤੇ ਲੋਕ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਚਿੰਤਤ ਨਜ਼ਰ ਆ ਰਹੇ ਹਨ।

ਤੇਰਾ ਆਸਰਾ ਸੇਵਾ ਘਰ ਵਿੱਚ ਰਹਿੰਦੇ 22 ਲੋਕਾਂ ਨੇ ਮਰਨ ਉਪਰੰਤ ਸ਼ਰੀਰ ਦਾਨ ਲਈ ਭਰੇ ਪ੍ਰਣ ਪੱਤਰ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਰੋਟਰੀ ਆਈ ਬੈਂਕ ਅਤੇ ਕੌਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਤੇਰਾ ਆਸਰਾ ਸੇਵਾ ਘਰ ਵਿੱਚ ਨੇਤਰਦਾਨ ਅਤੇ ਸ਼ਰੀਰ ਦਾਨ ਬਾਰੇ ਜਾਗਰੂਕਤਾ ਲਈ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਸਾਬਕਾ ਰਾਜਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਰੋਹ ਦੀ ਸ਼ੁਰੂਆਤ ਚੇਅਰਮੈਨ ਅਤੇ ਪ੍ਰਮੁੱਖ ਸਮਾਜਸੇਵੀ ਸੰਜੀਵ ਅਰੋੜਾ ਵੱਲੋਂ ਮੁੱਖ ਮਹਿਮਾਨ ਦਾ ਸਵਾਗਤ ਕਰਦੇ ਹੋਏ ਕੀਤੀ ਗਈ। ਉਨ੍ਹਾਂ ਨੇ ਨੇਤਰਦਾਨ ਅਤੇ ਸ਼ਰੀਰ ਦਾਨ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ। ਇਸ ਤੋਂ ਬਾਅਦ ਤੇਰਾ ਆਸਰਾ ਸੇਵਾ ਘਰ ਵਿੱਚ ਰਹਿ ਰਹੇ 22 ਨਿਵਾਸੀਆਂ ਨੇ ਮਰਨ ਉਪਰੰਤ ਸ਼ਰੀਰ ਦਾਨ ਲਈ ਪ੍ਰਣ ਪੱਤਰ ਭਰੇ। ਇਸ ਮੌਕੇ ਮੁੱਖ ਮਹਿਮਾਨ ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਨੇਤਰਦਾਨ ਅਤੇ ਸ਼ਰੀਰ ਦਾਨ ਸਮਾਜ ਲਈ ਮਹਾਨ ਦਾਨ ਹਨ। ਇਸ ਨਾਲ ਮੈਡੀਕਲ ਕਾਲਜਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਮਨੁੱਖੀ ਸ਼ਰੀਰ ਦੀ ਬਣਤਰ ਨੂੰ ਸਮਝਣ ਦਾ ਮੌਕਾ ਮਿਲਦਾ ਹੈ

ਅਤੇ ਚਿਕਿਤਸਾ ਖੋਜ ਨੂੰ ਨਵੀਂ ਦਿਸ਼ਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸ਼ਰੀਰ ਦਾਨ ਆਉਣ ਵਾਲੇ ਸਮੇਂ ਵਿੱਚ ਅਨੇਕਾਂ ਮਰੀਜ਼ਾਂ ਦੇ ਇਲਾਜ ਵਿੱਚ ਸਹਾਇਕ ਸਾਬਤ ਹੋ ਸਕਦਾ ਹੈ। ਇਸ ਮੌਕੇ ਪ੍ਰਧਾਨ ਜੇ. ਬੀ. ਬਹਲ ਨੇ ਹਾਜ਼ਰ ਲੋਕਾਂ ਨੂੰ ਸ਼ਰੀਰ ਦਾਨ ਦੀ ਪ੍ਰਕਿਰਿਆ, ਇਸ ਦੇ ਸਮਾਜਿਕ ਮਹੱਤਵ ਅਤੇ ਇਸ ਨਾਲ ਜੁੜੀਆਂ ਭਰਾਂਤਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸ਼ਰੀਰ ਦਾਨ ਨਾ ਕੇਵਲ ਚਿਕਿਤਸਾ ਸਿੱਖਿਆ ਨੂੰ ਮਜ਼ਬੂਤ ਬਣਾਉਂਦਾ ਹੈ, ਸਗੋਂ ਸਮਾਜ ਪ੍ਰਤੀ ਇਕ ਮਹਾਨ ਯੋਗਦਾਨ ਵੀ ਹੈ। ਇਸ ਦੌਰਾਨ ਮਰਨੋਪਰਾਂਤ ਸ਼ਰੀਰ ਦਾਨ ਲਈ ਪ੍ਰਣ ਪੱਤਰ ਭਰਨ ਵਾਲੇ 22 ਵਿਅਕਤੀਆਂ ਨੂੰ ਸੋਸਾਇਟੀ ਵੱਲੋਂ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਤੇਰਾ ਆਸਰਾ ਸੇਵਾ ਘਰ ਵੱਲੋਂ ਮੁੱਖ ਸੰਚਾਲਿਕਾ ਬੀਬੀ ਰਜਿੰਦਰ ਕੌਰ ਅਤੇ ਅਮ੍ਰਿਤਪਾਲ ਸਿੰਘ ਨੇ ਸੋਸਾਇਟੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਸਮਾਜ ਵਿੱਚ ਸਕਾਰਾਤਮਕ ਸੋਚ ਨੂੰ ਉਤਸ਼ਾਹਿਤ ਕਰਦੇ ਹਨ।ਉਨ੍ਹਾਂ ਦੱਸਿਆ ਕਿ ਤੇਰਾ ਆਸਰਾ ਸੇਵਾ ਘਰ ਵੱਲੋਂ ਪਹਿਲਾਂ ਵੀ ਦੋ ਸ਼ਰੀਰ ਮਰਨ ਉਪਰੰਤ ਰੋਟਰੀ ਆਈ ਬੈਂਕ ਰਾਹੀਂ ਮੈਡੀਕਲ ਕਾਲਜਾਂ ਨੂੰ ਭੇਜੇ ਜਾ ਚੁੱਕੇ ਹਨ। ਉਨ੍ਹਾਂ ਹੋਰ ਸੋਸਾਇਟੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮਨੁੱਖਤਾ ਭਰੇ ਪੁਨੀਤ ਕੰਮ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਮਦਨ ਲਾਲ ਮਹਾਜਨ, ਵਿਜੇ ਅਰੋੜਾ, ਦਵਿੰਦਰ ਅਰੋੜਾ, ਵੀਨਾ ਚੋਪੜਾ, ਅਸ਼ਵਿਨੀ ਕੁਮਾਰ ਦੱਤਾ, ਕ੍ਰਿਸ਼ਨ ਕਿਸ਼ੋਰ, ਐਨ. ਕੇ. ਗੁਪਤਾ ਸਮੇਤ ਹੋਰ ਵੀ ਹਾਜ਼ਰ ਸਨ।

ਬੱਬਰ ਅਕਾਲੀ ਲਹਿਰ ਸ਼ਹਾਦਤ ਸ਼ਤਾਬਦੀ ਦੇ ਆਗਾਜ਼ ਸਬੰਧੀ ਵਿਚਾਰ-ਚਰਚਾ 27 ਫਰਵਰੀ ਨੂੰ

ਜਲੰਧਰ (ਸਤਨਾਮ ਸਿੰਘ ਸਹੂੰਗੜਾ) ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ 'ਚ ਗੰਭੀਰ ਵਿਚਾਰ ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ ਕਿ ਆਜ਼ਾਦੀ ਸੰਗਰਾਮ ਅੰਦਰ ਅਨੂਠੇ ਇਤਿਹਾਸਕ ਸਫ਼ੇ, ਬੱਬਰ ਅਕਾਲੀ ਲਹਿਰ 'ਚ ਸ਼ਹਾਦਤਾਂ ਦੀ ਸ਼ਤਾਬਦੀ (27 ਫਰਵਰੀ 1926-2026) ਦਾ ਪੂਰਾ ਵਰ੍ਹਾ ਚੱਲਣ ਵਾਲੀ ਮੁਹਿੰਮ ਦੇ ਆਗਾਜ਼ ਵਜੋਂ ਛੇ ਬੱਬਰਾਂ ਕਿਸ਼ਨ ਸਿੰਘ ਗੜਗੱਜ ਪਿੰਡ ਬਿਣਗਾ (ਨੇੜੇ ਜਲੰਧਰ ਛਾਉਣੀ), ਨੰਦ ਸਿੰਘ ਘੁੜਿਆਲ (ਜਲੰਧਰ), ਬਾਬੂ ਸੰਤਾ ਸਿੰਘ ਹਰੀਉ ਖੁਰਦ (ਲੁਧਿਆਣਾ), ਦਲੀਪ ਸਿੰਘ ਧਾਮੀਆਂ (ਹੁਸ਼ਿਆਰਪੁਰ), ਧਰਮ ਸਿੰਘ ਹਯਾਤਪੁਰ ਰੁੜਕੀ (ਹੁਸ਼ਿਆਰਪੁਰ), ਕਰਮ ਸਿੰਘ ਹਰੀਪੁਰ (ਜਲੰਧਰ) ਦੀ ਸ਼ਹਾਦਤ ਦਿਹਾੜੇ ਮੌਕੇ ਵਿਚਾਰ-ਚਰਚਾ ਕੀਤੀ ਜਾਏਗੀ। ਇਸ ਵਿਚਾਰ-ਚਰਚਾ 'ਚ ਕਮੇਟੀ ਮੈਂਬਰ ਸੁਵਰਨ ਸਿੰਘ ਵਿਰਕ, 'ਬੱਬਰ ਅਕਾਲੀ ਲਹਿਰ ਦੀ ਇਤਿਹਾਸਕ ਪ੍ਰਸੰਗਕਤਾ' ਵਿਸ਼ੇ ਉਪਰ ਭਾਸ਼ਣ ਕੇਂਦਰਤ ਕਰਨਗੇ। ਇਉਂ ਹੀ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ 'ਫਾਸ਼ੀ ਹੱਲੇ ਦੀਆਂ ਚੁਣੌਤੀਆਂ' ਵਿਸ਼ੇ 'ਤੇ ਭਾਸ਼ਣ ਕੇਂਦਰਤ ਕਰਨਗੇ। 27 ਫਰਵਰੀ ਦੀ ਵਿਚਾਰ-ਚਰਚਾ ਕਨਵੈਨਸ਼ਨ 'ਚ ਵਿਸ਼ੇਸ਼ ਕਰਕੇ ਬੁੱਧੀਜੀਵੀਆਂ, ਲੇਖਕਾਂ, ਵਕੀਲਾਂ, ਲੋਕ-ਪੱਖੀ ਸੰਸਥਾਵਾਂ ਅਤੇ ਬੱਬਰ ਅਕਾਲੀ ਲਹਿਰ ਨਾਲ ਸਬੰਧਤ ਪਿੰਡਾਂ ਦੀ ਪ੍ਰਤੀਨਿੱਧ ਹਾਜ਼ਰੀ ਯਕੀਨੀ ਬਣਾਉਣ ਲਈ ਅੱਜ ਤੋਂ ਹੀ ਕਮੇਟੀ ਮੈਂਬਰ ਸੰਪਰਕ ਮੁਹਿੰਮ ਹੱਥ ਲੈ ਰਹੇ ਹਨ। 27 ਮਾਰਚ ਨੂੰ ਦੇਸ਼ ਭਗਤ ਯਾਦਗਾਰ ਹਾਲ 'ਚ ਵਿਸ਼ਵ ਰੰਗ ਮੰਚ ਦਿਹਾੜਾ ਮਨਾਉਣ ਦਾ ਵੀ ਫੈਸਲਾ ਲਿਆ ਗਿਆ। ਅੱਜ ਦੀ ਮੀਟਿੰਗ ਦਾ ਆਗਾਜ਼ ਨਾਟਕਕਾਰ ਜਤਿੰਦਰ ਬਰਾੜ, ਗੁਰਨਾਮ ਸਿੰਘ ਗਿੱਲ, ਜਸਪਾਲ ਸਿੰਘ ਢਿੱਲੋਂ, ਹਰਭਜਨ ਸਿੰਘ ਮਲਸੀਆਂ, ਐਡਵੋਕੇਟ ਸੌਰਵ ਸ਼ਰਮਾ ਮਲਸੀਆਂ, ਮਹਿੰਦਰ ਕੌਰ ਧੀਮਾਨ, ਬਚਨ ਕੌਰ ਬਿਲਗਾ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਭੇਂਟ ਕਰਨ ਨਾਲ ਹੋਇਆ। ਮੀਟਿੰਗ 'ਚ ਲਏ ਫੈਸਲਿਆਂ ਸਬੰਧੀ ਇਹ ਜਾਣਕਾਰੀ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਾਂਝੀ ਕੀਤੀ।

ਪੰਜਾਬ ਸਖੀ ਸ਼ਕਤੀ ਮੇਲਾ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਵਿੱਚ ਨਿਭਾਏਗਾ ਅਹਿਮ ਭੂਮਿਕਾ - ਸਹਾਇਕ ਕਮਿਸ਼ਨਰ ਜਨਰਲ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਤੇ ਉਦਯੋਗ ਅਤੇ ਵਣਜ ਵਿਭਾਗ ਵੱਲੋਂ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਸਥਾਨ ਆਈ.ਟੀ.ਆਈ ਦੀ ਗਰਾਊਂਡ ਵਿਖੇ ਚੱਲ ਰਹੇ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲੇ ਦੇ ਦੂਜੇ ਦਿਨ ਸਹਾਇਕ ਕਮਿਸ਼ਨਰ ਜਨਰਲ ਜਗਦੀਪ ਸਿੰਘ ਨੇ ਸ਼ਿਰਕਤ ਕੀਤੀ ਅਤੇ ਖੇਤਰੀ ਟਰਾਂਸਪੋਰਟ ਅਧਿਕਾਰੀ ਇੰਦਰਪਾਲ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਸਹਾਇਕ ਕਮਿਸ਼ਨਰ ਜਨਰਲ ਜਗਦੀਪ ਸਿੰਘ ਨੇ ਕਿਹਾ ਕਿ ਮੇਲੇ ਦਾ ਮੁੱਖ ਉਦੇਸ਼ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣਾ ਅਤੇ ਉਨ੍ਹਾਂ ਦੇ ਉਤਪਾਦਾਂ ਨੂੰ ਵੱਡਾ

ਮੰਚ ਪ੍ਰਦਾਨ ਕਰਨਾ ਹੈ। ਇਸ ਮੌਕੇ 'ਤੇ ਸਹਾਇਕ ਕਮਿਸ਼ਨਰ ਜਨਰਲ ਜਗਦੀਪ ਸਿੰਘ ਅਤੇ ਖੇਤਰੀ ਟਰਾਂਸਪੋਰਟ ਅਧਿਕਾਰੀ ਇੰਦਰਪਾਲ ਵਲੋਂ ਮੇਲੇ ਵਿੱਚ ਘਰੇਲੂ ਸਮੱਗਰੀ ਸਮਾਨ, ਹੱਥੀ ਬਣਾਏ ਘਰੇਲੂ ਸਾਜੋ ਸਮਾਨ ਅਤੇ ਆਰਗੈਨਿਕ ਉਤਪਾਦ, ਆਚਾਰ, ਮੁਰੱਬੇ ਅਤੇ ਜੈਮ ਸਟਾਲ, ਮਹਿੰਦੀ, ਪਰਫਿਊਮ, ਕੈਂਡਲ ਸਟਾਲ, ਸਭਿਆਚਾਰਕ ਪ੍ਰੋਗਰਾਮ, ਨੇਲ ਆਰਟ, ਬੱਚਿਆਂ ਲਈ ਝੂਲੇ, ਨੌਜਵਾਨਾਂ ਲਈ ਟੈਟੂ ਆਰਟ, ਲਾਈਵ ਸਕੈਚਿੰਗ ਅਤੇ ਲਾਈਵ ਫੂਡ ਸਟਾਲਾਂ ਦੀ ਪ੍ਰਦਰਸ਼ਨੀ ਦਾ ਦੌਰਾ ਕੀਤਾ ਗਿਆ ਅਤੇ ਸਵੈ ਸਹਾਇਤਾ ਸਮੂਹ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਇਸ ਮੇਲੇ ਵਿੱਚ 58 ਦੇ ਕਰੀਬ ਵੱਖ-ਵੱਖ ਘਰੇਲੂ ਉਤਪਾਦਾਂ ਦੇ ਸਟਾਲ ਲੱਗੇ ਹਨ ਅਤੇ ਇਸ ਦੇ ਨਾਲ ਹੀ ਪੰਜਾਬ ਸਕਿੱਲ ਡਿਵੈਲਪਮੈਂਟ, ਡੇਅਰੀ ਵਿਭਾਗ, ਬਾਗਬਾਨੀ ਵਿਭਾਗ, ਸਿਹਤ ਵਿਭਾਗ ਆਦਿ ਵਿਭਾਗ ਵੱਲੋਂ ਵੀ ਸਟਾਲ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਮੇਲਾ 5 ਫਰਵਰੀ ਨੂੰ ਸ਼ੁਰੂ ਹੋਇਆ ਸੀ ਅਤੇ ਅੱਜ ਮੇਲੇ ਦਾ ਦੂਜਾ ਦਿਨ ਹੈ ਅਤੇ 7 ਫਰਵਰੀ ਨੂੰ ਮੇਲੇ ਦੀ ਸਮਾਪਤੀ ਹੋਵੇਗੀ। ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਜਿੱਥੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪੇਸ਼ ਕੀਤਾ ਗਿਆ ਉੱਥੇ ਹੀ ਗਾਇਕ ਵੱਲੋਂ ਸ਼ਾਮ ਨੂੰ ਰੰਗ ਬਣਿਆ ਗਿਆ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੇਲੇ ਵਿੱਚ ਆਪਣੇ ਪਰਿਵਾਰ ਸਮੇਤ ਵੱਧ ਤੋਂ ਵੱਧ ਗਿਣਤੀ ਵਿੱਚ ਪੁੱਜ ਕੇ ਸਵੈ ਸਹਾਇਤਾ ਸਮੂਹ ਵੱਲੋਂ ਬਣਾਏ ਗਏ ਉਤਪਾਦਨਾਂ ਨੂੰ ਖਰੀਦ ਕਰਕੇ ਬੜਾਵਾ ਦੇਣ ਤਾਂ ਕਿ ਮਹਿਲਾ ਸ਼ਕਤੀਕਰਣ ਨੂੰ ਮਜ਼ਬੂਤੀ ਮਿਲ ਸਕੇ।

42 ਸਾਲ ਤੱਕ ਉਮਰ ਦੀਆਂ ਬੀਬੀਆਂ ਲਈ ਵੋਟ ਵੈਰੀਫਿਕੇਸ਼ਨ ਜਰੂਰੀ - ਸਿਮਰਨਜੋਤ ਭਾਰਤੀ

ਰਾਹੋਂ (ਸਤਨਾਮ ਸਿੰਘ ਸਹੂੰਗੜਾ) ਜੋਤ ਸੋਸ਼ਲ ਅਵੇਅਰਨੈੱਸ ਐਂਡ ਵੈੱਲਫੇਅਰ ਸੁਸਾਇਟੀ ਰਾਹੋਂ ਦੀ ਡਾਕੂਮੈਂਟੇਸ਼ਨ ਅਫ਼ਸਰ ਕੁਮਾਰੀ ਸਿਮਰਨਜੋਤ ਭਾਰਤੀ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਵੋਟਾਂ ਦੀ ਵਿਸ਼ੇਸ਼ ਸੁਧਾਈ ਦਾ ਕੰਮ ਸ਼੍ਰੀ ਐਪ ਰਾਹੀਂ ਚੱਲ ਰਿਹਾ ਹੈ। ਇਸ ਸੁਧਾਈ ਵਿੱਚ ਮੌਜੂਦਾ ਵੋਟਰਾਂ ਦੀ ਵੋਟ ਦੀ ਵੈਰੀਫਿਕੇਸ਼ਨ ਸਾਲ 2003 ਵਾਲੀ ਵੋਟਰ ਲਿਸਟ ਨਾਲ ਕੀਤੀ ਜਾ ਰਹੀ ਹੈ। ਇਸ ਲਈ ਉਹ ਵੋਟਰ ਬੀਬੀਆਂ ਜਿਨ੍ਹਾਂ ਦੀ ਉਮਰ 42 ਸਾਲ ਤੱਕ ਜਾਂ ਇਸ ਤੋਂ ਘੱਟ ਹੈ ਲਈ ਜ਼ਰੂਰੀ ਹੈ ਕਿ ਉਹ ਆਪਣੇ ਪੇਕੇ ਘਰ/ਪਿੰਡ/ਸ਼ਹਿਰ ਦੇ ਬੀ ਐੱਲ ਓ (ਬੂਥ ਲੈਵਲ ਅਫ਼ਸਰ) ਪਾਸੋਂ ਵੋਟਰ ਸੂਚੀ 2003 ਅਨੁਸਾਰ ਆਪਣੇ ਪਿਤਾ ਜਾਂ ਮਾਤਾ ਦੀ ਵੋਟ ਦਾ ਲੜੀ ਨੰਬਰ, ਬੂਥ ਨੰਬਰ, ਵਿਧਾਨ ਸਭਾ ਦਾ ਨੰਬਰ ਪ੍ਰਾਪਤ

ਕਰ ਕੇ ਆਪਣੇ ਇਲਾਕੇ ਦੇ ਸਬੰਧਿਤ ਬੀ ਐੱਲ ਓ ਕੋਲ ਦੇਣਾ ਹੈ ਤਾਂ ਕਿ ਉਹਨਾਂ ਦੀ ਵੋਟ ਦੀ ਵੈਰੀਫਿਕੇਸ਼ਨ ਹੋ ਸਕੇ। ਕਿਓਂਕਿ ਅਜਿਹਾ ਨਾ ਕੀਤੇ ਜਾਣ ਦੀ ਸੂਰਤ ਵਿੱਚ ਉਨ੍ਹਾਂ ਦੀ ਵੋਟ ਕੱਟੀ ਜਾ ਸਕਦੀ ਹੈ। ਸਿਮਰਨਜੋਤ ਭਾਰਤੀ ਨੇ ਦੱਸਿਆ ਕਿ ਇਸ ਲਈ 42 ਸਾਲ ਤੱਕ ਉਮਰ ਦੀਆਂ ਵੋਟਰ ਬੀਬੀਆਂ ਆਪਣੇ ਪੇਕਿਆਂ ਦੇ ਬੀ ਐੱਲ ਓ ਪਾਸੋਂ ਆਪਣੇ ਪਿਤਾ ਜਾਂ ਮਾਤਾ ਦੀ ਵੋਟ ਨਾਲ ਸਬੰਧਿਤ ਵੇਰਵੇ ਪ੍ਰਾਪਤ ਕਰ ਕੇ ਆਪਣੇ ਇਲਾਕੇ ਦੇ ਬੀ ਐੱਲ ਓ ਨੂੰ ਜਰੂਰ ਮੁੱਹਈਆ ਕਰਵਾਉਣ ਤਾਂ ਜੋ ਉਨ੍ਹਾਂ ਦੀ ਵੋਟ ਲਗਾਤਾਰ ਚੱਲਦੀ ਰਹੇ ਅਤੇ ਕੱਟੀ ਨਾ ਜਾਵੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਘਰਾਂ ਵਿੱਚ ਬੰਦੀ ਬਣਾਉਣ , ਕਿਸਾਨਾਂ ਤੇ ਬੇਤਹਾਸ਼ਾ ਲਾਠੀਚਾਰਜ ,ਅਥਰੂ ਗੈਸ ਦੇ ਗੋਲੇ ਸੁੱਟਣਾ , ਉਨ੍ਹਾਂ ਨੂੰ ਥਾਣਿਆਂ ਵਿਚ ਬੰਦ ਕਰਨਾ ਲੋਕਤੰਤਰ ਦਾ ਘਾਣ : ਜਮਹੂਰੀ ਅਧਿਕਾਰ ਸਭਾ

ਗ੍ਰਿਫਤਾਰ ਕਿਸਾਨਾਂ ਨੂੰ ਤੁਰੰਤ ਰਿਹਾ ਕਰਨ ਤੇ ਜਿੰਮੇਵਾਰ ਪ੍ਰਸ਼ਾਸਨਕ /ਪੁਲਿਸ ਅਧਿਕਾਰੀਆਂ ਤੇ ਕਾਰਵਾਈ ਕਰਨ ਦੀ ਮੰਗ

ਸੰਗਰੂਰ (ਜਗਜੀਤ ਭੂਟਾਲ) ਬਠਿੰਡਾ ਵਿੱਚ ਲੰਮੇ ਸਮੇਂ ਤੋਂ ਫ਼ਰਜ਼ੀ ਕੇਸਾਂ ਵਿੱਚ ਬੰਦ ਕੀਤੇ ਕਿਸਾਨ ਆਗੂਆਂ ਦੀ ਰਿਹਾਈ ਨੂੰ ਲੈਕੇ ਦਿੱਤੇ ਜਾ ਰਹੇ ਧਰਨੇ, ਅਤੇ ਰੋਸ ਪਰਗਟ ਕਰਨ ਆ ਰਹੇ ਕਿਸਾਨਾਂ ਉੱਤੇ ਪੁਲਿਸ ਵਲੋਂ ਕੀਤਾ ਗਿਆ, ਬੇਤਹਾਸ਼ਾ ਲਾਠੀਚਾਰਜ ਅਤੇ ਅੱਥਰੂ ਗੈਸ ਦੇ ਗੋਲੇ ਸੁੱਟ ਕੇ ਖਿੰਡਾਉਣ ਦੀ ਕਾਰਵਾਈ ਅਤਿ ਨਿੰਦਣਯੋਗ ਹੈ, ਅਤੇ ਇਹ ਨਿਆਂ ਦੀ ਮੰਗ ਦਾ ਗਲਾ ਘੁੱਟਣ ਦੇ ਸਮਾਨ ਹੈ।ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਸਰਕਾਰ ਦੇ ਇਸ ਜਾਬਰ ਰਵਈਏ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ, ਅਤੇ ਆਪਣੀਆਂ ਸਾਰੀਆਂ ਇਕਾਈਆਂ ਅਤੇ ਜਮਹੂਰੀਅਤ ਪਸੰਦ ਤਾਕਤਾਂ ਨੂੰ ਇਸ ਵਿਰੁੱਧ ਹਰ ਸੰਭਵ ਢੰਗ ਨਾਲ ਰੋਸ ਪਰਗਟ ਕਰਨ ਦਾ ਸੱਦਾ ਦਿੰਦੀ ਹੈ।

ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਜਿਲ੍ਹਾ ਪ੍ਰਧਾਨ ਜਗਜੀਤ ਭੂਟਾਲ ਅਤੇ ਜਰਨਲ ਸੱਕਤਰ ਕੁਲਦੀਪ ਸਿੰਘ, ਮੀਤ ਪ੍ਰਧਾਨ ਬਸ਼ੇਸ਼ਰ ਰਾਮ, ਪ੍ਰੈਸ ਸਕੱਤਰ ਜੁਝਾਰ ਲੌਂਗੋਵਾਲ, ਸੂਬਾ ਕਮੇਟੀ ਮੈਂਬਰ ਮਨਧੀਰ ਰਾਜੋਮਾਜਰਾ ਤੇ ਸਹਾਇਕ ਸੱਕਤਰ ਕੁਲਵਿੰਦਰ ਬੰਟੀ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਪਿੰਡ ਚਾਉਕੇ ਵਿੱਚ ਸਕੂਲ ਅਧਿਆਪਕਾਂ ਦੇ ਸੰਘਰਸ਼ ਦੀ ਹਮਾਇਤ ਨੂੰ ਲੈਕੇ ਚਲੇ ਸੰਘਰਸ਼ ਵਿਚ ਕੁਝ ਕਿਸਾਨ ਸਾਥੀਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ, ਅਤੇ ਨੇ ਹੀ ਉਹਨਾਂ ਉੱਤੇ ਦਰਜ

ਕੇਸ ਨੂੰ ਅੱਗੇ ਤੋਰਿਆ ਜਾ ਰਿਹਾ ਹੈ, ਅਤੇ ਨੇ ਹੀ ਉਹਨਾਂ ਨੂੰ ਜਮਾਨਤ ਹੀ ਦਿੱਤੀ ਜਾ ਰਹੀ ਹੈ।

ਸਰਕਾਰ ਦੀ ਇਹ ਨੀਤੀ ਸੰਘਰਸ਼ ਕਰਦੇ ਲੋਕਾਂ ਨੂੰ ਦਬਾਉਣਾ ਅਤੇ ਪਰੇਸ਼ਾਨ ਕਰਨ ਦੀ ਹੈ।ਜਿਸ ਨੂੰ ਲੈਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਨੇ ਅੱਜ ਡੀ ਸੀ ਬਠਿੰਡਾ ਦੇ ਦਫਤਰ ਮੂਹਰੇ ਅਣਮਿੱਥੇ ਸਮੇਂ ਲਈ ਧਰਨਾ ਲਾਉਣ ਦਾ ਐਲਾਨ ਕੀਤਾ ਸੀ।

ਇਸ ਨੂੰ ਲੈਕੇ ਬੁਖਲਾਹਟ ਵਿੱਚ ਆਈ ਪੰਜਾਬ ਸਰਕਾਰ ਨੇ ਪਹਿਲਾਂ ਤਾਂ ਰਾਤ ਭਰ ਮਾਲਵੇ ਖੇਤਰ ਦੇ ਉੱਘੇ ਕਿਸਾਨ ਆਗੂਆਂ ਦੇ ਘਰਾਂ ਵਿੱਚ ਛਾਪੇਮਾਰੀ ਕੀਤੀ ਅਤੇ ਜਦੋਂ ਪਿੰਡਾਂ ਵਿਚੋਂ ਵੱਡੀ ਗਿਣਤੀ ਵਿਚ ਕਿਸਾਨ ਧਰਨਾ ਸਥਲ ਵੱਲ ਆ ਰਹੇ ਸਨ, ਤਾਂ ਬੇਤਹਾਸ਼ਾ ਲਾਠੀਚਾਰਜ ਕੀਤਾ ਅਤੇ ਅੱਥਰੂ ਗੈਸ ਦੇ ਗੋਲੇ ਸੁੱਟ ਕੇ ਰੋਕਣ ਦੀ ਕੋਸ਼ਿਸ਼ ਕੀਤੀ।

ਸਭਾ ਦੇ ਬੁਲਾਰਿਆਂ ਨੇ ਕਿਹਾ ਨਿਆਂ ਦੀ ਮੰਗ ਨੂੰ ਲੈਕੇ ਰੋਸ ਪਰਗਟ ਕਰਨ ਲੋਕਾਂ ਦਾ ਬੁਨਿਆਦੀ ਅਧਿਕਾਰ ਹੈ, ਸਰਕਾਰ ਨੇ ਪੁਲਿਸ ਦੀ ਅੰਨ੍ਹੀ ਵਰਤੋਂ ਕਰਕੇ ਨਾ ਸਿਰਫ ਉਹਨਾਂ ਦੇ ਇਸ ਅਧਿਕਾਰ ਨੂੰ ਕੁਚਲਿਆ ਹੈ,ਸਗੋਂ ਲੋਕਾਂ ਦੀ ਆਵਾਜ਼ ਤੇ ਸੰਘਰਸ਼ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਹੈ।

ਚਾਹੀਦਾ ਤਾਂ ਇਹ ਹੀ ਕਿ ਸਰਕਾਰ ਅਤੇ ਅਧਿਕਾਰੀ ਇਸ ਮਸਲੇ ਨੂੰ ਗੱਲਬਾਤ ਰਾਹੀਂ ਹੱਲ ਕਰਦੇ, ਪਰ ਹਕੂਮਤ ਵਲੋਂ ਵਰਤੀ ਅੰਨ੍ਹੀ ਤਾਕਤ ਨੇ ਮਸਲੇ ਨੂੰ ਹੋਰ ਪੇਚੀਦਾ ਬਣਾ ਦਿੱਤਾ ਹੈ।

ਪੁਲਿਸ ਨੇ ਵੱਡੀ ਪੱਧਰ ਉਤੇ ਕਿਸਾਨਾਂ ਦੀਆਂ ਗਿਰਫਤਰੀਆਂ ਵੀ ਕੀਤੀਆਂ ਹਨ, ਜਿਹੜੇ ਵੱਖ ਵੱਖ ਥਾਣਿਆਂ ਵਿਚ ਬੰਦ ਕੀਤੇ ਗਏ ਹਨ।

ਸਭਾ ਗ੍ਰਿਫਤਾਰ ਕਿਸਾਨਾਂ ਨੂੰ ਫੌਰੀ ਰਿਹਾ ਕਰਨ ਦੀ ਮੰਗ ਵੀ ਕਰਦੀ ਹੈ ਤੇ ਜਿੰਮੇਵਾਰ ਪ੍ਰਸ਼ਾਸਨਕ /ਪੁਲਿਸ ਅਧਿਕਾਰੀਆਂ ਤੇ ਕਾਰਵਾਈ ਦੀ ਮੰਗ ਕਰਦੀ ਹੈ।

ਸਭਾ ਨੇ ਪੰਜਾਬ ਦੀਆਂ ਜਮਹੂਰੀ ਪਸੰਦ ਤਾਕਤਾਂ ਨੂੰ ਇਸ ਵਿਰੁੱਧ ਜੋਰਦਾਰ ਰੋਸ ਪਰਗਟ ਕਰਨ ਦਾ ਸੱਦਾ ਦਿੱਤਾ ਹੈ।

ਪ੍ਰਧਾਨ
987207105

4 ਗ੍ਰਾਮ ਹੈਰੋਇਨ ਸਮੇਤ ਇਕ ਕਾਬੂ

ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰਪਾਲ ਸਿੰਘ ਕਲੇਰ) ਥਾਣਾ ਕਾਠਗੜ੍ਹ ਪੁਲਿਸ ਨੇ ਇਕ ਵਿਆਕਤੀ ਨੂੰ ਕਾਬੂ ਕਰਕੇ ਉਸਦੇ ਕੋਲੋਂ 4 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ । ਪੁਲਿਸ ਨੇ ਕਥਿਤ ਆਰੋਪੀ ਦੇ ਖਿਲਾਫ ਐਨਡੀਪੀਐਸ ਐਕਟ ਦੇ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ।

ਮਾਮਲੇ ਦੇ ਜਾਂਚ ਅਧਿਕਾਰੀ ਏ ਐਸ ਆਈ ਸੰਦੀਪ ਕੁਮਾਰ ਨੇ ਦੱਸਿਆਂ ਕਿ ਉਨ੍ਹਾਂ ਦੀ ਅਗਵਾਈ ਵਿੱਚ ਪੁਲਿਸ ਪਾਰਟੀ ਥਾਣਾ ਕਾਠਗੜ੍ਹ ਤੋਂ ਜਲਾਲਪੁਰ ਦੇ ਵੱਲ ਗਸ਼ਤ ਕਰਦੇ ਜਾ ਰਹੇ ਸਨ। ਇਸੇ ਦੌਰਾਨ ਜਦੋਂ ਕਾਠਗੜ੍ਹ ਬਿਜਲੀ ਘਰ ਦੇ ਕੋਲ ਪਹੁੰਚੀ ਤਾਂ ਅੱਗੇ ਤੋਂ ਇਕ ਨੌਜਵਾਨ ਆਉਂਦਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਨੂੰ ਦੇਖਕੇ ਇੱਕਦਮ ਘਬਰਾ ਗਿਆ ਅਤੇ ਪਿੱਛੇ ਨੂੰ ਮੁੜਨ ਲੱਗਿਆਂ ਤਾ ਪੁਲਿਸ ਨੇ ਤਰੁੰਤ ਸ਼ੱਕ ਦੇ ਆਧਾਰ ਤੇ ਉਕਤ ਵਿਆਕਤੀ ਨੂੰ ਕਾਬੂ ਕਰਕੇ ਜਦੋਂ ਉਸਦੀ ਤਲਾਸ਼ੀ ਲਈ ਤਾਂ ਉਸਦੇ ਕੋਲੋਂ 4 ਗ੍ਰਾਮ ਹੈਰੋਇਨ ਬਰਾਮਦ ਹੋਈ । ਉਨ੍ਹਾਂ ਦੱਸਿਆਂ ਕਿ ਕਾਬੂ ਕੀਤੇ ਕਥਿਤ ਆਰੋਪੀ ਦੀ ਪਹਿਚਾਣ ਸੁਰਜੀਤ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਜੀਓਵਾਲ ਥਾਣਾ ਕਾਠਗੜ੍ਹ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਰੂਪ ਵਿੱਚ ਹੋਈ ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਤੇ ਜਨਤਾ ਨੂੰ ਕੁਝ ਨਹੀਂ ਮਿਲਿਆ ਸਿਵਾਏ ਨਿਰਾਸ਼ਾ– ਰਾਣਾ ਗੁਰਜੀਤ ਸਿੰਘ

ਵਿਆਹ ਸਮਾਰੋਹ ਵਿੱਚ ਪਹੁੰਚੇ ਸੀ ਰੈਲਮਾਜਰਾ

ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰਪਾਲ ਸਿੰਘ ਕਲੇਰ)– ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਨੂੰ ਲੈ ਕੇ ਪੰਜਾਬ ਦੀ ਜਨਤਾ ਨੂੰ ਬਹੁਤ ਉਮੀਦਾਂ ਸਨ ਪਰ ਸਿਵਾਏ ਨਿਰਾਸ਼ਾ ਦੇ ਜਨਤਾ ਨੂੰ ਕੁੱਝ ਨਹੀ ਮਿਲਿਆਂ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਕੈਬਨਿਟ ਮੰਤਰੀ ਤੇ ਕਪੂਰਥਲਾ ਤੋਂ ਕਾਂਗਰਸ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਕੀਤਾ । ਉਹ ਪਿੰਡ ਰੈਲਮਾਜਰਾ ਵਿਖੇ ਕਾਂਗਰਸ ਪਾਰਟੀ ਦੇ ਬੁਲਾਰੇ ਸੀਨੀਅਰ ਆਗੂ ਅਤੇ ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ ਦੇ ਭਤੀਜੇ ਦੇ ਵਿਆਹ ਸਮਾਗਮ ਵਿੱਚ ਉੱਚੇਚੇ ਤੌਰ ਤੇ ਪੁਹੰਚੇ ਸਨ । ਇਸ ਮੌਕੇ ਰਾਣਾ ਗੁਰਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਬੁਰਾ ਹਾਲ ਹੈ । ਰੋਜ਼ਾਨਾ ਗੋਲੀਬਾਰੀ , ਗੈਂਗਸਟਰ , ਲੁੱਟਾਂ ਖੋਹਾਂ , ਕਾਰੋਬਾਰੀਆਂ ਤੋਂ ਫਿਰੌਤੀਆਂ ਮੰਗਣ ਦਾ ਦੌਰ ਲਗਾਤਾਰ ਜਾਰੀ ਹੈ । ਪੁਲਿਸ ਦਾ ਕੋਈ ਡਰ ਹੀ ਨਹੀ ਹੈ । ਸ਼ਰੇਆਮ , ਸ਼ਰੇਆਮ ਬਜਾਰਾਂ ਵਿੱਚ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ । ਕਾਨੂੰਨ ਦਾ ਕਿਸੇ ਨੂੰ ਕੋਈ ਡਰ ਨਹੀ । ਲੋਕ ਆਪਣੇ ਆਪ ਨੂੰ ਆਸਰੁੱਖਿਅਤ ਮਹਿਸੂਸ ਕਰ ਰਹੇ ਹਨ । ਆਮ ਆਦਮੀ ਪਾਰਟੀ ਨਸ਼ੇ ਤੇ ਅਪਰਾਧੀਆਂ ਤੇ ਨੁਕੇਲ ਕੱਸਣ ਵਿੱਚ ਬੁਰੀ ਤਰ੍ਹਾਂ ਨਾਲ ਨਾਕਾਮ ਰਹੇ ਹਨ । ਗਰੰਟੀਆ ਦੇ ਕੇ ਸਤਾ ਵਿੱਚ ਆਈ ਆਮ ਆਦਮੀ ਪਾਰਟੀ ਲੋਕਾਂ ਨੂੰ ਮੁੱਖ ਸੁਵਿਧਾਵਾਂ ਦੇਣ ਵਿੱਚ ਵੀ ਨਾਕਾਮ ਸਾਬਤ ਹੋਈ ਹੈ । ਉਨ੍ਹਾਂ ਕਿਹਾ ਕਿ ਵਿਧਾਨ ਸਭਾ

ਚੋਣਾਂ ਲੈ ਕੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆ ਨਜ਼ਰਾਂ ਪੰਜਾਬ ਤੇ ਟਿਕਿਆ ਹੋਈਆ ਹਨ । ਉਨ੍ਹਾਂ ਨੇ ਕਿਹਾ ਕਿ ਕੇਦਰ ਵਲੋਂ ਪੇਸ਼ ਕੀਤਾ ਗਿਆ ਬਜਟ ਵੀ ਕਿਸਾਨਾਂ , ਮਜ਼ਦੂਰਾਂ , ਆਮ ਜਨਤਾ, ਕਾਰੋਬਾਰੀਆਂ ,ਵਪਾਰੀਆਂ ਦੇ ਲਈ ਵੀ ਨਿਰਾਸ਼ਾਜਨਕ ਰਿਹਾ । ਜਦ ਕਿ ਹਰ ਵਰਗ ਨੂੰ ਕੋਈ ਰਾਹਤ ਮਿਲਣ ਦੀ ਉਮੀਦ ਸੀ । ਕਿਸਾਨਾਂ ਨੂੰ ਇਹ ਸੀ ਕਿ ਕੇਂਦਰੀ ਬਜਟ ਵਿੱਚ ਕਿਸਾਨਾਂ ਦੀ ਕਰਜ਼ ਮਾਫੀ ਹੋਵੇਗੀ ਤੇ ਹੜ੍ਹ ਪੀੜਿਤਾ ਨੂੰ ਸੀ ਕਿ ਸਾਨੂੰ ਕੁਝ ਮੁਆਵਜ਼ਾ ਮਿਲੇਗਾ । ਲੇਕਿਨ ਕੇਂਦਰੀ ਬਜਟ ਪੰਜਾਬ ਦੇ ਲਈ ਖਾਲੀ ਕੁਝ ਨਹੀ ਲੈ ਕੇ ਆਇਆ ਜਿਸ ਕਾਰਨ ਹਰ ਵਰਗ ਇਸ ਬਜਟ ਤੋਂ ਨਿਰਾਸ਼ ਹੈ । ਉਨ੍ਹਾਂ ਕਿਹਾ ਕਿ ਆਉਣ ਵਾਲੇ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਭਾਰੀ ਲੀਡ ਨਾਲ ਜਿੱਤ ਹਾਸਿਲ ਕਰੇਗੀ । ਹੁਣ ਤੋਂ ਹੀ ਪਾਰਟੀ ਵਰਕਰਾਂ ਵਲੋਂ ਜ਼ਮੀਨੀ ਪੱਧਰੀ ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ । ਇਸ ਮੌਕੇ ਤੇ ਕਾਂਗਰਸ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾਂ ਕਾਂਗਰਸ ਦੇ ਪ੍ਰਧਾਨ ਅਜੇ ਮੰਗੂਪੁਰ,ਸੀਨੀਅਰ ਕਾਂਗਰਸੀ ਆਗੂ ਬਰਿੰਦਰ ਸਿੰਘ ਢਿੱਲੋਂ ਰੋਪੜ੍ਹ, ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ, ਦਿਲਬਾਗ ਸਿੰਘ, ਵਿੱਕੀ ਚੌਧਰੀ ਕਾਠਗੜ੍ਹ, ਮੋਹਨ ਲਾਲ ਸੰਧੂ, ਸਰਪੰਚ ਬਲਜਿੰਦਰ ਸਿੰਘ ਬਿੱਲਾ ਮਾਣੇਵਾਲ , ਸੰਦੀਪ ਰਾਣਾ, ਪਵਨਦੀਪ ਬਾਬਾ ਤੋਂ ਹੋਰ ਕਾਂਗਰਸੀ ਨੇਤਾ ਤੇ ਵਰਕਰ ਮੌਜੂਦ ਰਹੇ ।

ਪਿੰਡ ਹਰੀਪੁਰ ਖਾਲਸਾ ਵਿਖੇ ਸਥਿਤ ਸਰਕਾਰੀ ਹਾਈ ਸਕੂਲ ਵਿਖੇ ਅਧਿਆਪਕਾਂ ਦੇ ਘਾਟ ਹੋਣ ਕਾਰਨ ਗ੍ਰਾਮ ਪੰਚਾਇਤ, ਸਿੱਖਿਆ ਕਮੇਟੀ, ਵਿਦਿਆਰਥੀਆਂ ਦੇ ਮਾਪਿਆਂ ਨੇ ਇਲਾਕੇ ਦੇ ਮੋਹਤਬਰਾਂ ਨੂੰ ਨਾਲ ਲੈ ਕੇ ਸਕੂਲ ਨੂੰ ਤਾਲਾ ਲਗਾ ਕੇ ਲਗਾਇਆ ਧਰਨਾ

● ਸਿੱਖਿਆ ਵਿਭਾਗ ਖ਼ਿਲਾਫ਼ ਕੀਤੀ ਜੰਮ ਕੇ ਨਾਅਰੇਬਾਜ਼ੀ*ਸਕੂਲ ਨੂੰ ਲਗਾਇਆ ਤਾਲਾ● ਸੰਬੰਧਿਤ ਸਿੱਖਿਆ ਅਧਿਕਾਰੀ ਵੱਲੋਂ ਭਰੋਸਾ ਦਿੱਤੇ ਜਾਣ ਤੋਂ ਬਾਅਦ ਚੁੱਕਿਆ ਧਰਨਾ● ਸਿੱਖਿਆ ਅਧਿਕਾਰੀ ਨੂੰ ਮੰਗ ਪੱਤਰ ਵੀ ਸੌਂਪਿਆ

ਫਿਲੌਰ/ਅੱਪਰਾ, (ਦੀਪਾ)- ਫਿਲੌਰ ਦੇ ਨਜ਼ਦੀਕੀ ਪਿੰਡ ਹਰੀਪੁਰ ਖਾਲਸਾ ਵਿਖੇ ਸਥਿਤ ਸਰਕਾਰੀ ਹਾਈ ਸਕੂਲ ਵਿਖੇ ਅਧਿਆਪਕਾਂ ਦੀ ਘਾਟ ਹੋਣ ਕਾਰਨ ਗ੍ਰਾਮ ਪੰਚਾਇਤ, ਸਿੱਖਿਆ ਕਮੇਟੀ ਤੇ ਵਿਦਿਆਰਥੀਆਂ ਦੇ ਮਾਪਿਆਂ ਨੇ ਇਲਾਕੇ ਭਰ ਦੇ ਮੋਹਤਬਰਾਂ ਨੂੰ ਨਾਲ ਲੈ ਕੇ ਸਕੂਲ ਨੂੰ ਤਾਲਾ ਲਗਾ ਕੇ ਧਰਨਾ ਲਗਾ ਦਿੱਤਾ ਤੇ ਜੰਮ ਕੇ ਰੋਸ ਪ੍ਰਦਰਸ਼ਨ ਤੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਰੋਸ ਪ੍ਰਦਰਸ਼ਨ ਕਰ ਰਹੇ ਰਜਿੰਦਰ ਸੰਧੂ ਫਿਲੌਰ ਕਾਂਗਰਸੀ ਆਗੂ, ਪਿੰਡ ਹਰੀਪੁਰ ਖਾਲਸਾ ਦੇ ਸਰਪੰਚ, ਸਿੱਖਿਆ ਕਮੇਟੀ ਦੇ ਚੇਅਰਮੈਨ ਤੇ ਹੋਰ ਮੋਹਤਬਰਾਂ ਨੇ ਦੱਸਿਆ ਕਿ ਇਸ ਸਕੂਲ ਵਿੱਚ ਲਗਭਗ 200 ਤੋਂ ਉੱਪਰ ਵਿਦਿਆਰਥੀਆਂ ਪੜਦੇ ਹਨ। ਇਹ ਵਿਦਿਆਰਥੀ ਲੋੜਵੰਦ ਪਰਿਵਾਰਾਂ ਤੋਂ ਆਉਂਦੇ ਹਨ, ਜੋ ਕਿ ਅੱਜ ਦੇ ਦੌਰ ਵਿੱਚ ਮਹਿੰਗੀ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ। ਇਸ ਸਕੂਲ ਵਿੱਚ ਵਿਦਿਆਰਥੀਆਂ ਨੂੰ ਪੜਾਉਣ ਲਈ 5 ਅਧਿਆਪਕ ਸਨ। ਦੋ ਅਧਿਆਪਕ ਤਾਂ ਪਹਿਲਾਂ ਹੀ ਡੈਪੂਟੇਸ਼ਨ ਤੇ ਹਨ, ਜਦਕਿ ਬੀਤੇ ਦਿਨ ਇੱਕ ਹੋਰ ਅਧਿਆਪਕ ਦੀ ਬਦਲੀ ਕਰ ਦਿੱਤੀ ਗਈ ਹੈ। ਬਾਕੀ ਜੋ ਦੋ ਅਧਿਆਪਕ ਹਨ, ਉਨਾਂ ਤੇ ਸਰਕਾਰੀ ਡਿਊਟੀ ਦਾ ਬੋਝ ਹੋਣ ਕਾਰਨ ਉਹ ਵਿਦਿਆਰਥੀਆਂ ਨੂੰ ਪੂਰਾ ਟਾਇਮ ਨਹੀਂ ਦੇ ਪਾ ਰਹੇ। ਵਿਦਿਆਰਥੀਆਂ ਦੇ ਮਾਪਿਆਂ ਨੇ ਦੱਸਿਆ ਕਿ ਇਸ ਸਮੇਂ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਚੱਲ ਰਹੀਆਂ ਹਨ। ਇਸ ਲਈ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਨੂੰ ਲੈ ਕੇ ਉਹ ਬੇਹੱਦ ਚਿੰਤਤ ਹਨ। ਜਿਸ ਕਾਰਨ ਗੁੱਸਾਏ ਪਿੰਡ ਵਾਸੀਆਂ ਨੇ ਗ੍ਰਾਮ ਪੰਚਾਇਤ, ਸਿੱਖਿਆ ਕਮੇਟੀ ਤੇ ਇਲਾਕੇ ਦੇ ਮੋਹਤਬਰਾਂ ਨੂੰ ਨਾਲ ਲੈ ਕੇ ਸਕੂਲ ਨੂੰ ਤਾਲਾ ਲਗਾ ਕੇ ਜੰਮ ਕੇ ਰੋਸ ਪ੍ਰਦਰਸ਼ਨ ਕਰਦੇ ਹੋਏ ਨਾਅਰੇਬਾਜ਼ੀ ਕੀਤੀ। ਪਿੰਡ ਵਾਸੀ ਲਗਭਗ 4 ਘੰਟੇ ਦਰੀਆਂ ਵਿਛਾ ਕੇ ਸਕੂਲ ਦੇ ਗੇਟ ਅੱਗੇ ਧਰਨਾ ਲਗਾ ਕੇ ਰੋਸ ਪ੍ਰਦਰਸ਼ਨ ਤੇ ਨਾਅਰੇਬਾਜ਼ੀ ਕਰਦੇ ਰਹੇ। ਇਸ ਮੌਕੇ ਪਹੁੰਚੇ ਸਿੱਖਿਆ ਵਿਭਾਗ ਦੇ ਅਧਿਕਾਰੀ ਨੇ ਧਰਨਾਕਾਰੀਆਂ ਨੂੰ ਸ਼ਾਂਤ ਕਰਵਾਉਂਦੇ ਹੋਏ ਭਰੋਸਾ ਦਿਵਾਇਆ ਕਿ ਇੱਕ ਹਫ਼ਤੇ ਦੇ ਅੰਦਰ ਅੰਦਰ ਅਧਿਆਪਕ ਸਕੂਲ ਵਿੱਚ ਪੱਕੇ ਤੌਰ ਤੇ ਭੇਜ ਦਿੱਤੇ ਜਾਣਗੇ। ਇਸ ਮੌਕੇ ਸਿੱਖਿਆ ਅਧਿਕਾਰੀ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ। ਸਿੱਖਿਆ ਅਧਿਕਾਰੀ ਵੱਲੋਂ ਭਰੋਸਾ ਮਿਲਣ ਤੇ ਸਮੂਹ ਧਰਨਾਕਾਰੀਆਂ ਨੇ ਧਰਨਾ ਖ਼ਤਮ ਕਰ ਦਿੱਤਾ।

ਸਮਾਜ ਵੀਕਲੀ ਨਿਊਜ

ਫਰੇਜ਼ਰ ਵੈਲੀ ਦੇ ਹੜ ਪੀੜਤਾਂ ਲਈ 20 ਹਜਾਰ ਡਾਲਰ ਦੀ ਰਾਸ਼ੀ ਵੰਡੀ ਗਈ- ਅਰਸ਼ ਕਲੇਰ

ਹੜ ਪੀੜਤਾਂ ਲਈ ਸਹਾਇਤਾ ਰਾਸ਼ੀ ਵੰਡਣ ਸਮੇਂ ਆਯੋਜਿਤ ਸਮਾਗਮ ਦੀ ਤਸਵੀਰ।

ਵੈਨਕੂਵਰ(ਮਲਕੀਤ ਸਿੰਘ) ਸਾਲ 2025 ਦੇ ਦਸੰਬਰ ਮਹੀਨੇ ਦੌਰਾਨ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਫਰਿਜਰ ਵੈਲੀ ਚ ਆਏ ਹੜਾਂ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੀ ਮਾਲੀ ਮਦਦ ਲਈ ਪ੍ਰਾਪਤ 20 ਹਜਾਰ ਡਾਲਰ ਦੀ ਰਾਸ਼ੀ ਪ੍ਰਭਾਵਿਤ ਲੋਕਾਂ ਨੂੰ ਵੰਡਣ ਲਈ ਚਾਰ ਗੁਰੂਘਰ ਅਤੇ ਇੱਕ ਮੰਦਰ ਨੂੰ ਮੁਹਈਆ ਕਰਵਾਈ ਗਈ ਹੈ।

ਇਹ ਜਾਣਕਾਰੀ ਸਾਂਝੀ ਕਰਦਿਆਂ ਐਫਸਫੋਰਡ ਸਕੂਲ ਦੇ ਟਰਸਟੀ ਅਤੇ ਨੌਜਵਾਨ ਸਮਾਜ ਸੇਵੀ ਅਰਸ਼ ਕਲੇਰ ਨੇ ਦੱਸਿਆ ਕਿ ਕਿ ਇਹ ਰਕਮ ਐਫਸਫੋਰਡ ਕਮਿਊਨਿਟੀ ਫਾਊਂਡੇਸ਼ਨ ਵੱਲੋਂ ਮੁਹਈਆ ਕਰਵਾਈ ਗਈ ਸੀ ਅਤੇ ਸਾਰਿਆਂ ਦੇ ਸਹਿਯੋਗ ਨਾਲ ਇਹ ਰਕਮ ਗ ਬਾਬਾ ਬੰਦਾ ਸਿੰਘ ਬਹਾਦਰ, ਕਲਗੀਧਰ ਦਰਬਾਰ ਸੁਸਾਇਟੀ, ਖਾਲਸਾ ਦੀਵਾਨ ਸੁਸਾਇਟੀ ਅਤੇ ਫਰੇਜਰ ਵੈਲੀ ਹਿੰਦੂ ਕਲਚਰ ਸੁਸਾਇਟੀ ਦੇ ਮਾਤਾ ਵੈਸ਼ਨੋ ਮੰਦਰ ਦੇ ਪ੍ਰਬੰਧਕਾਂ ਨੂੰ ਬਰਾਬਰ ਵੰਡ ਦਿੱਤੀ ਗਈ ਹੈ ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਅਰੇਨੀ ਕਲੇਪਣ, ਅਭੀਤੇਜ ਸਿੰਘ ਹੰਸ, ਹਰਸ਼ਦੀਪ ਸਿੰਘ ਬਰਾੜ, ਬਲਨੀਤ ਕੌਰ ਤੂਰ, ਅਰਜਨ ਸਿੰਘ ਧਾਲੀਵਾਲ, ਜਨਨਦੀਪ ਸਿੰਘ ਗਰੇਵਾਲ ਅਤੇ ਗੁਰਵੀਰ ਸਿੰਘ ਮਾਨ ਵੀ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ

ਮਨੁੱਖ ਦੇ ਜੀਊਣ ਦਾ ਅਸਲੀ ਮਕਸਦ ਸਮਾਜ ਬਦਲਣ ਲਈ ਜੁਝਣਾ ਹੋਣਾ ਚਾਹੀਦਾ ਐ: ਕਾ.ਪਾਸਲਾ

ਵੱਖ ਵੱਖ ਆਗੂਆਂ ਵਲੋਂ ਮਾਤਾ ਰਖਸ਼ਾ ਰਾਣੀ ਨੂੰ ਸ਼ਰਧਾਂਜਲੀ

ਬੰਗਾ:(ਚਰਨਜੀਤ ਸੱਲ੍ਹਾਂ) ਜਿਸ ਇਨਸਾਨ ਦੇ ਜੀਊਣ ਦਾ ਕੋਈ ਮਕਸਦ ਨਹੀਂ ਉਹ ਦੁਨੀਆਂ 'ਤੇ ਆਇਆ ਜਾਂ ਨਾ ਆਇਆ ਇੱਕ ਬਰਾਬਰ ਹੀ ਹੈ ਅਤੇ ਇੱਕ ਬੰਦੇ ਦੇ ਜੀਊਣ ਦਾ ਅਸਲੀ ਮਕਸਦ ਸਮਾਜ ਨੂੰ ਬਦਲਣ ਲਈ ਜੂਝਦੇ ਰਹਿਣਾ ਹੋਣਾ ਚਾਹੀਦਾ ਹੈ। ਇਹ ਵਿਚਾਰ ਅੱਜ ਇੱਥੇ ਆਰ ਐੱਮ ਪੀ ਆਈ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਦਿੱਤੇ। ਪਿੰਡ ਹੀਉਂ ਵਿਖੇ ਉੱਘੇ ਕਮਿਊਨਿਸਟ ਆਗੂ ਮਰਹੂਮ ਕਾਮਰੇਡ ਡਾ: ਪੀ. ਬੀ. ਪਾਲ ਦੇ ਧਰਮ ਪਤਨੀ ਸ਼੍ਰੀਮਤੀ ਰਖਸ਼ਾ ਰਾਣੀ ਦੀ ਸ਼ੋਕ ਸਭਾ 'ਚ ਬੋਲਦਿਆਂ ਕਾਮਰੇਡ ਪਾਸਲਾ ਨੇ ਦੱਸਿਆ ਕਿ ਅੱਜ ਦੇ ਹੁਕਮਰਾਨ ਸਾਨੂੰ ਹਜ਼ਾਰਾਂ ਸਾਲ ਪਿਛਾਂਹ ਵੱਲ੍ਹ ਲਿਜਾ ਸੁੱਟਣਾ ਚਾਹੁੰਦੇ ਹਨ। ਸਮੇਂ ਦੀ ਲੋੜ ਹੈ ਕਿ ਅਸੀਂ ਇਹਨਾਂ ਦੀਆਂ ਕੋਝੀਆਂ ਚਾਲਾਂ ਤੋਂ ਸੁਚੇਤ ਰਹੀਏ ਅਤੇ ਆਪਣਾ ਭਾਈਚਾਰਾ ਬਣਾਈ ਰੱਖੀਏ। ਇਸ ਸ਼ੋਕ ਸਭਾ ਨੂੰ ਹੋਰਨਾਂ ਤੋਂ ਇਲਾਵਾ ਧਰਮ ਸਿੰਘ ਪੱਟੀ, ਗੁਰਵਿੰਦਰ ਸਿੰਘ ਭੁੱਲਰ, ਸਤੀਸ਼ ਰਾਣਾ ਅਤੇ ਦਿਲਪ੍ਰੀਤ ਸਿੰਘ ਨੇ ਵੀ ਸੰਬੋਧਨ ਕੀਤਾ।

ਮਾਤਾ ਰਖਸ਼ਾ ਰਾਣੀ ਸਨਿਮਰ ਸ਼ੋਕ ਸਭਾ ਵਿੱਚ ਭਾਈ ਸਾਹਿਬ ਭਾਈ ਗੁਰਮੁਖ ਸਿੰਘ ਅਤੇ ਜਥੇ ਵੱਲ੍ਹੋਂ ਕੀਰਤਨ ਕੀਤਾ ਗਿਆ। ਸ਼ੋਕ ਸਭਾ ਵਿੱਚ ਹੋਰਨਾਂ ਤੋਂ ਇਲਾਵਾ ਸਰਵ ਸ਼੍ਰੀ ਪਿਆਰਾ ਰਾਮ ਸਰਪੰਚ ਹੀਉਂ, ਪੱਤਰਕਾਰ ਧਰਮਵੀਰ ਪਾਲ, ਡਾ. ਨਰੰਜਣ ਪਾਲ ਹੀਉਂ ਸਾਬਕਾ ਐਸ.ਐਮ.ਓ., ਕਰਨੈਲ ਸਿੰਘ ਸੰਧੂ ਸਾਬਕਾ ਪ੍ਰਧਾਨ ਜੀ.ਟੀ.ਯੂ, ਹਰਪਾਲ ਸਿੰਘ ਜਗਤਪੁਰ, ਕੁਲਦੀਪ ਸਿੰਘ ਦੌੜਕਾ, ਸਤਨਾਮ ਸਿੰਘ ਸੁੱਜੋਂ, ਚੰਦਰ ਪ੍ਰਕਾਸ਼ ਗਰਗ, ਗੁਰਦਰਸ਼ਨ ਸਿੰਘ ਬੀਕਾ ਮੈਨੇਜਰ ਸੰਗਰਾਮੀ ਲਹਿਰ, ਰਾਮ ਲੁਭਾਇਆ ਟੀ.ਐਸ.ਯੂ.ਆਗੂ, ਸ਼ਵਿੰਦਰ ਸਿੰਘ ਭੱਟੀ ਪੈਰਾ ਮੈਡੀਕਲ ਆਗੂ, ਦਲਵੀਰ ਸਿੰਘ, ਸੁਖਜਿੰਦਰ ਸਿੰਘ ਅੰਮ੍ਰਿਤਸਰ , ਰਾਜਵਿੰਦਰ ਸਿੰਘ, ਗੋਪਾਲ ਕ੍ਰਿਸ਼ਨ ਸ਼ਰਮਾ, ਮਾ: ਮੋਹਨ ਲਾਲ ਰਾਹੀ, ਡਾ. ਬਖਸ਼ੀਸ਼ ਸਿੰਘ ਅਤੇ ਡਾ. ਹਰਸ਼ਰਨ ਸਿੰਘ ਫਗਵਾੜਾ ਵਿਸੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਤੇ ਸਮੂਹ ਪਤਵੰਤੇ ਮਹਿਮਾਨਾਂ ਦਾ ਪਰਿਵਾਰ ਵੱਲ੍ਹੋਂ ਹਰੀ ਬਿਲਾਸ ਹੀਉਂ ਵੱਲ੍ਹੋਂ ਧੰਨਵਾਦ ਕੀਤਾ ਗਿਆ।

ਸਮਾਜ ਵੀਕਲੀ ਨਿਊਜ

ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਮਾਂ ਬੋਲੀ ਪੰਜਾਬੀ ਦੇ ਗੁਣ ਗਾਣ ਕਰਦੇ ਲੋਕ ਗੀਤਾਂ, ਕਵੀਸ਼ਰੀਆਂ, ਕਵਿਤਾਵਾਂ, ਬੋਲੀਆਂ, ਭੰਗੜੇ ਅਤੇ ਗਿੱਧੇ ਨੇ ਪੰਦਰਵਾੜੇ ਦੇ ਪਹਿਲੇ ਸਮਾਗਮ ਨੂੰ ਸੱਭਿਆਚਾਰਕ ਮੇਲੇ ਵਿੱਚ ਬਦਲਿਆ

ਲੁਧਿਆਣਾ (ਰਮੇਸ਼ਵਰ ਸਿੰਘ) ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਮਨਾਏ ਜਾ ਰਹੇ ਅੰਤਰਰਾਸ਼ਟਰੀ ਪੰਜਾਬੀ ਭਾਸ਼ਾ ਪੰਦਰਵਾੜੇ ਦਾ ਪਹਿਲਾ ਸਮਾਗਮ, 5 ਫਰਵਰੀ 2026 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇਹੜਕਾ ਵਿੱਚ ਕਰਵਾਇਆ ਗਿਆ।

ਸਮਾਗਮ ਵਿੱਚ ਕਨੇਡਾ ਇਕਾਈ ਦੀ ਨੁਮਾਇੰਦਗੀ ਸੁਖਇੰਦਰ ਪਾਲ ਸਿੰਘ ਸਿੱਧੂ, ਪੰਜਾਬ ਇਕਾਈ ਦੀ ਨੁਮਾਇੰਦਗੀ ਮਿੱਤਰ ਸੈਨ ਮੀਤ ਅਤੇ ਜਗਰਾਓਂ ਇਕਾਈ ਦੀ ਨੁਮਾਇੰਦਗੀ ਮਾਸਟਰ ਅਵਤਾਰ ਸਿੰਘ, ਜਸਵਿੰਦਰ ਸਿੰਘ ਛਿੰਦਾ ਅਤੇ ਰਛਪਾਲ ਸਿੰਘ ਚੱਕਰ ਵੱਲੋਂ ਕੀਤੀ ਗਈ।

ਸਮਾਗਮਾਂ ਦੀ ਇਸ ਲੜੀ ਦਾ ਮੁੱਖ ਉਦੇਸ਼ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨਾ ਅਤੇ ਪਹਿਲਾਂ ਹੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਵਿੱਚ ਜ਼ਿਕਰਯੋਗ ਯੋਗਦਾਨ ਪਾਉਣ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨਾ ਹੈ, ਇਸ ਲਈ ਪਹਿਲਾਂ ਵਿਦਿਆਰਥੀਆਂ ਲਈ ਪੰਜਾਬੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨਾ ਕਿਉਂ ਜ਼ਰੂਰੀ?' ਬਾਰੇ ਮਾਸਟਰ ਅਵਤਾਰ ਸਿੰਘ ਅਤੇ ਜਸਵਿੰਦਰ ਸਿੰਘ ਛਿੰਦਾ ਨੇ ਚਾਨਣਾ ਪਾਇਆ। ਸੰਸਥਾ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਜਾ ਰਹੇ ਇਹਨਾਂ ਸਮਾਗਮਾਂ ਦੇ ਉਦੇਸ਼ਾਂ ਬਾਰੇ ਜਾਣਕਾਰੀ ਮਿੱਤਰ ਸੈਨ ਮੀਤ (ਕਾਨੂੰਨੀ ਬਾਈ ਜੀ) ਵੱਲੋਂ ਦਿੱਤੀ ਗਈ। ਵਿਦਿਆਰਥੀਆਂ ਦੇ ਬੌਧਿਕ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਦੋ ਗਰੁੱਪਾਂ ਵਿੱਚ ਵੰਡਿਆ ਗਿਆ ਸੀ। ਪਹਿਲੇ ਗਰੁੱਪ ਵਿੱਚ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀ ਰੱਖੇ ਗਏ ਸਨ ਅਤੇ ਦੂਜੇ ਵਿੱਚ ਨੌਵੀਂ ਤੋਂ ਗਿਆਰਵੀਂ ਜਮਾਤ ਦੇ ਬੱਚੇ ਸਨ।

ਮੁਕਾਬਲੇ ਸੁੰਦਰ ਲਿਖਾਈ, ਕਵਿਤਾ ਉਚਾਰਨ ਅਤੇ ਗਾਇਨ ਵਿਧਾਵਾਂ ਵਿਚ ਕਰਵਾਏ ਗਏ ਸਨ।

ਪਹਿਲੇ ਗਰੁੱਪ ਵਿੱਚੋਂ ਸੁੰਦਰ ਲਿਖਾਈ ਲਈ ਸੁਖਪ੍ਰੀਤ ਕੌਰ, ਗੀਤ ਗਾਇਨ ਲਈ ਗੁੰਜਨ

ਮਿੱਤਰ ਸੈਨ ਮੀਤ

ਕੁਮਾਰੀ, ਕਵਿਤਾ ਉਚਾਰਨ ਲਈ ਰਵਲੀਨ ਕੌਰ ਅਤੇ ਕਵੀਸ਼ਰੀ ਲਈ ਹਰਪ੍ਰੀਤ ਸਿੰਘ ਚੁਣੇ ਗਏ। ਦੂਜੇ ਗਰੁੱਪ ਵਿੱਚੋਂ ਸੁੰਦਰ ਲਿਖਾਈ ਲਈ ਗੁਰਵੀਰ ਕੌਰ, ਗੀਤ ਮੁਕਾਬਲੇ ਲਈ ਸਿਮਰਨਜੀਤ ਸਿੰਘ ਅਤੇ ਕਵੀਸ਼ਰੀ ਲਈ ਜਸਦੀਪ ਸਿੰਘ ਚੁਣੇ ਗਏ। ਇਨ੍ਹਾਂ ਸੱਤਾਂ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਟਿਕਾਊ ਸਕੂਲ ਬੈਗਾਂ, ਮੈਡਲਾਂ, ਪ੍ਰਮਾਣ ਪੱਤਰਾਂ ਅਤੇ ਉੱਤਮ ਪੁਸਤਕਾਂ ਦੇ ਸੈਟਾਂ ਨਾਲ ਸਨਮਾਨਿਤ ਕੀਤਾ ਗਿਆ। ਮੁਕਾਬਲਿਆਂ ਵਿੱਚ ਦੂਜੀ ਥਾਂ ਤੇ ਰਹਿਣ ਵਾਲੇ ਚਾਰ ਵਿਦਿਆਰਥੀਆਂ ਕਰਮਜੀਤ ਕੌਰ, ਸਹਿਰਾਜ ਕੌਰ, ਮਨਜਿੰਦਰ ਸਿੰਘ ਨੂੰ ਪ੍ਰਮਾਣ ਪੱਤਰਾਂ ਅਤੇ ਪੁਸਤਕਾਂ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬੀ ਸੱਭਿਆਚਾਰ ਦੀ ਖੂਬਸੂਰਤ ਪੇਸ਼ਕਾਰੀ ਪਹਿਲੇ ਗਰੁੱਪ ਦੇ ਲੜਕਿਆਂ ਦੀ ਭੰਗੜਾ ਟੀਮ, ਜਿਸ ਵਿੱਚ ਜਗਦੀਪ ਸਿੰਘ, ਨਿਸ਼ਾਨ ਸਿੰਘ, ਅਰਮਾਨ ਸਿੰਘ ਅਤੇ ਪ੍ਰਦੀਪ ਸਿੰਘ ਸ਼ਾਮਿਲ ਸਨ, ਨੇ ਕੀਤੀ।

ਗਿੱਧੇ ਦੀ ਪੇਸ਼ਕਾਰੀ ਦੂਜੇ ਗਰੁੱਪ ਦੀਆਂ ਵਿਦਿਆਰਥਨਾਂ ਹਰਮਨ ਜੋਤ ਕੌਰ, ਜਸਮੀਨ ਕੌਰ, ਗੁਰ-ਜੋਤ ਕੌਰ, ਹਰਮਨਦੀਪ ਕੌਰ ਅਤੇ ਉਨ੍ਹਾਂ ਦੀਆਂ ਸਾਥਣਾਂ ਨੇ ਕੀਤੀ। ਭੰਗੜੇ ਅਤੇ ਗਿੱਧੇ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਉੱਤਮ ਪੁਸਤਕਾਂ ਨਾਲ ਕੀਤੀ ਗਈ। ਸਮਾਗਮ ਦੀ ਸਫ਼ਲਤਾ ਦਾ ਸਿਹਰਾ ਸਕੂਲ ਦੇ ਮੁਖੀ ਅਵਤਾਰ ਸਿੰਘ ਦੇ ਸਿਰ ਬਝਦਾ ਹੈ। ਖੂਬਸੂਰਤੀ ਨਾਲ ਸਟੇਜ ਦੀ ਜਿੰਮੇਵਾਰੀ ਅਧਿਆਪਕ ਸਤਨਾਮ ਸਿੰਘ ਵੱਲੋਂ ਨਿਭਾਈ ਗਈ। ਬੱਚਿਆਂ ਨੂੰ ਥਾਪੜਾ ਦੇਣ ਲਈ ਪਿੰਡ ਦੇ ਸਰਪੰਚ ਜਸਬੀਰ ਸਿੰਘ ਸਿੱਧੂ ਅਤੇ ਇਲਾਕੇ ਦੇ ਪ੍ਰਸਿੱਧ ਸਾਹਿਤਕਾਰ ਰਛਪਾਲ ਸਿੰਘ ਚੱਕਰ ਅਤੇ ਜਗਰਾਜ ਸਿੰਘ ਰਾਜਾ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

ਟੋਰਾਂਟੋ 'ਚ ਭ੍ਰਿਸ਼ਟਾਚਾਰ ਮਾਮਲੇ 'ਚ ਕਈ ਪੁਲਿਸ ਅਧਿਕਾਰੀ ਗ੍ਰਿਫ਼ਤਾਰ; ਜਾਂਚ ਜਾਰੀ

ਵੈਨਕੂਵਰ, (ਮਲਕੀਤ ਸਿੰਘ) ਕੈਨੇਡਾ ਵਿੱਚ ਟੋਰਾਂਟੋ ਪੁਲਿਸ ਨਾਲ ਜੁੜੇ ਭ੍ਰਿਸ਼ਟਾਚਾਰ ਅਤੇ ਸੰਗਠਿਤ ਅਪਰਾਧ ਦੇ ਮਾਮਲੇ ਵਿੱਚ ਵੱਡੀ ਕਾਰਵਾਈ ਕਰਦਿਆਂ ਕਈ ਪੁਲਿਸ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਇਹ ਕਾਰਵਾਈ ਕਈ ਮਹੀਨਿਆਂ ਤੋਂ ਚੱਲ ਰਹੀ ਗੁਪਤ ਜਾਂਚ ਤੋਂ ਬਾਅਦ ਕੀਤੀ ਗਈ ਹੈ। ਪੁਲਿਸ ਅਧਿਕਾਰੀਆਂ 'ਤੇ ਦੋਸ਼ ਹੈ ਕਿ ਉਹ ਸੰਗਠਿਤ ਅਪਰਾਧੀ ਗਿਰੋਹਾਂ ਨਾਲ ਮਿਲ ਕੇ ਗੁਪਤ ਜਾਣਕਾਰੀ ਸਾਂਝੀ ਕਰ ਰਹੇ ਸਨ ਅਤੇ ਕਾਨੂੰਨੀ ਪ੍ਰਕਿਰਿਆ ਵਿੱਚ ਰੁਕਾਵਟ ਪੈਦਾ ਕਰ ਰਹੇ ਸਨ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਇਹ ਗਤੀਵਿਧੀਆਂ ਸਮਾਜਕ ਸੁਰੱਖਿਆ ਲਈ ਗੰਭੀਰ ਖ਼ਤਰਾ ਬਣ ਰਹੀਆਂ ਸਨ। ਇਸ ਸਬੰਧ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਟੋਰਾਂਟੋ ਪੁਲਿਸ ਦੇ ਅਧਿਕਾਰੀਆਂ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਖ਼ਿਲਾਫ਼ "ਜ਼ੀਰੋ ਟੋਲਰੈਂਸ" ਨੀਤੀ ਅਪਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸ਼ੁਰੂਆਤੀ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ। ਅਧਿਕਾਰੀਆਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪੁਲਿਸ ਪ੍ਰਣਾਲੀ ਵਿੱਚ ਪਾਰਦਰਸ਼ਤਾ ਬਣਾਈ ਰੱਖਣ ਲਈ ਹਰ ਸੰਭਵ ਕਦਮ ਚੁੱਕਿਆ ਜਾਵੇਗਾ। ਇਸ ਮਾਮਲੇ ਨੇ ਕੈਨੇਡਾ ਭਰ ਵਿੱਚ ਪੁਲਿਸ ਪ੍ਰਸ਼ਾਸਨ 'ਤੇ ਲੋਕਾਂ ਦੇ ਭਰੋਸੇ ਨੂੰ ਲੈ ਕੇ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਸਰਕਾਰ ਅਤੇ ਨਿਗਰਾਨ ਏਜੰਸੀਆਂ ਵੱਲੋਂ ਵੀ ਮਾਮਲੇ 'ਤੇ ਨਜ਼ਰ ਰੱਖੀ ਜਾ ਰਹੀ ਹੈ।

ਟੋਰਾਂਟੋ ਪੁਲਿਸ ਦੇ ਉੱਚ ਅਧਿਕਾਰੀ ਭ੍ਰਿਸ਼ਟਾਚਾਰ ਮਾਮਲੇ ਸਬੰਧੀ ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ।

ਢਾਹਾਂ ਕਲੇਰਾਂ ਹਸਪਤਾਲ ਵੱਲੋਂ ਪਿੰਡ ਮਾਹਿਲ ਗਹਿਲਾਂ ਵਿਖੇ 21 ਵਾਂ ਸਲਾਨਾ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਅੱਜ 8 ਫਰਵਰੀ ਨੂੰ

ਬੰਗਾ (ਚਰਨਜੀਤ ਸੱਲ੍ਹਾਂ) ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਪਿੰਡ ਮਾਹਿਲ ਗਹਿਲਾਂ ਵਿਖੇ ਸਲਾਨਾ 21ਵਾਂ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਮਿਤੀ 8 ਫਰਵਰੀ ਦਿਨ ਐਤਵਾਰ ਨੂੰ ਸਰਕਾਰੀ ਐਲੀਮੈਂਟਰੀ ਸਕੂਲ ਮਾਹਿਲ ਗਹਿਲਾਂ ਵਿਖੇ ਕੈਨੇਡਾ ਨਿਵਾਸੀ ਸ. ਦਰਸ਼ਨ ਸਿੰਘ ਮਾਹਿਲ, ਸੀਨੀਅਰ ਮੈਂਬਰ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਪ੍ਰੈੱਸ ਨੂੰ ਇਹ ਜਾਣਕਾਰੀ ਟਰੱਸਟ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਨੇ ਦਿੱਤੀ। ਉਹਨਾਂ ਦੱਸਿਆ ਕਿ ਇਹ ਫਰੀ ਜਾਂਚ ਕੈਂਪ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਚੱਲੇਗਾ। ਇਸ ਕੈਂਪ ਵਿਚ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਮਾਹਿਰ ਡਾਕਟਰਾਂ ਦੀ ਟੀਮ, ਜਿਸ ਵਿਚ ਹਰ ਤਰ੍ਹਾਂ ਦੀਆਂ ਸ਼ੂਗਰ, ਬੀ ਪੀ, ਗਠੀਆ, ਦਰਦਾਂ, ਜ਼ੁਕਾਮ, ਗੋਡਿਆਂ ਦੀਆਂ ਦਰਦਾਂ, ਅੱਖਾਂ ਅਤੇ ਸਰੀਰਿਕ ਬਿਮਾਰੀਆਂ ਦੇ ਮਾਹਿਰ ਸ਼ਪੈਸ਼ਲਿਸਟ ਡਾਕਟਰ ਸ਼ਾਮਿਲ ਹੋਣਗੇ ਜੋ ਕਿ ਕੈਂਪ ਵਿਚ ਆਏ ਮਰੀਜ਼ਾਂ ਦਾ ਫਰੀ ਚੈੱਕਅੱਪ ਕਰਨਗੇ । ਕੈਂਪ ਪ੍ਰਬੰਧਕ ਸ. ਦਰਸ਼ਨ ਸਿੰਘ ਮਾਹਿਲ ਸੀਨੀਅਰ ਮੈਂਬਰ ਨੇ ਸਮੂਹ ਮਾਹਿਲ ਪਰਿਵਾਰ ਵੱਲੋ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਮੁਫ਼ਤ ਕੈਂਪ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ । ਇਸ ਮੌਕੇ ਮਰੀਜ਼ਾਂ ਲਈ ਰਿਫਰੈਸ਼ਮੈਂਟ ਦਾ ਵੀ ਵਿਸ਼ੇਸ਼ ਪ੍ਰਬੰਧ ਹੋਵੇਗਾ । ਇਸ ਮੌਕੇ ਜਗਜੀਤ ਸਿੰਘ ਮੀਤ ਸਕੱਤਰ, ਸ. ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ ਅਤੇ ਸ. ਦਵਿੰਦਰ ਸਿੰਘ ਢਿੱਲੋਂ ਯੂ ਐਸ ਏ ਵੀ ਹਾਜ਼ਰ ਸਨ । ਵਰਣਨਯੋਗ ਹੈ ਸਮੂਹ ਮਾਹਿਲ ਪਰਿਵਾਰ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਇੰਡੀਆ ਪਿਛਲੇ ਦੋ ਦਹਾਕਿਆਂ ਤੋਂ ਨਿਰੰਤਰ ਨਿਸ਼ਕਾਮ ਸੇਵਾ ਕਰਦੇ ਹੋਏ ਆਪਣੇ ਜੱਦੀ ਪਿੰਡ ਮਾਹਿਲ ਗਹਿਲਾਂ ਵਿਖੇ ਫਰੀ ਮੈਡੀਕਲ ਕੈਂਪ ਲੋੜਵੰਦਾਂ ਲਈ ਦਾ ਲਗਵਾਇਆ ਜਾ ਰਿਹਾ ਹੈ।

ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ

ਮਿੰਨੀ ਕਹਾਣੀ: ਸੈਂਟਰ ਤੇ ਸਟੇਟ ਦੀ ਝੜਪ

ਵਰ੍ਹਿਆਂ ਮਗਰੋਂ ਤਿੰਨ ਹਮ ਜਮਾਤੀ ਦੋਸਤ ਇਕੱਠੇ ਹੋਏ ਤਾਂ ਤਾਰਾ, ਜੈਲਾ, ਤੋਤੀ ਤੋਂ ਜਗਤਾਰ, ਜਰਨੈਲ ਤੇ ਤਰਲੋਚਨ ਬਣ ਚੁੱਕੇ ਸਨ । ਜਰਨੈਲ,ਤਰਲੋਚਨ ਅਕਸਰ ਮਿਲਦੇ ਰਹਿੰਦੇ ਸਨ ਪਰ ਜਗਤਾਰ ਦਾ ਕੁਛ ਪਤਾ ਨਹੀਂ ਸੀ ਪਰ ਅੱਜ ਜਗਤਾਰ ਦੇ ਅਚਾਨਕ ਮਿਲ ਜਾਣ ਤੇ ਤਿੰਨੋਂ ਬੜੇ ਖ਼ੁਸ਼ ਹੋ ਕੇ ਬੜੀ ਬੇਸਬਰੀ ਨਾਲ਼ ਮਿਲੇ । ਓਹਨਾਂ ਦੇ ਦਿਲ ਵਿੱਚ ਬਚਪਨ ਤੋਂ ਲੈਕੇ ਹੁਣ ਤੱਕ ਦੇ ਜੀਵਨ ਸਫ਼ਰ ਬਾਰੇ ਜਾਨਣ ਦੀ ਉਤਸੁਕਤਾ ਬਣ ਗਈ।

ਓਹਨਾਂ ਨੇ ਤਰਲੋਚਨ ਦੇ ਖੇਤ ਮੋਟਰ ਤੇ ਇਕੱਠੇ ਹੋਣ ਦੀ ਯੋਜਨਾ ਬਣਾ ਕੇ ਸ਼ਾਮ ਨੂੰ ਮੁਰਗਾ ਬਣਾ ਲਿਆ ਤੇ ਘਰ ਦੀ ਕੱਢੀ ਸ਼ਰਾਬ ਵੀ ਲੈ ਆਏ । ਖਾਂਦੇ ਪੀਂਦੇ ਜਿਵੇਂ ਜਿਵੇਂ ਓਹ ਇੱਕ ਪੈੱਗ ਤੋਂ ਦੂਜੇ ਫਿਰ ਤੀਜੇ ਤੱਕ ਦੁੱਖ ਸੁੱਖ ਸਾਂਝੇ ਕਰਦੇ ਆਪਸ ਵਿੱਚ ਲੜ ਪਏ। ਲੜਾਈ ਦਾ ਕਾਰਣ ਸੀ ਜਗਤਾਰ ਸੈਂਟਰ ਦੇ ਸਰਕਾਰੀ ਮਹਿਕਮੇ ਵਿੱਚ ਚੰਗੀ ਪੋਸਟ ਤੇ ਲੱਗ ਚੁੱਕਾ ਸੀ ਤੇ ਜਰਨੈਲ ਤਰਲੋਚਨ ਪੰਜਾਬ ਸਟੇਟ ਦੇ ਕਿਸੇ ਮਹਿਕਮਿਆਂ ਵਿੱਚ ਸੈੱਟ ਹੋ ਚੁੱਕੇ ਸਨ । ਜਗਤਾਰ ਪਾਡੇ ਸੁਝਾਅ ਕਰਕੇ ਆਪਣੇ ਰੁਤਬੇ ਦਾ ਰੋਹਬ ਜਮਾਉਂਦਾ ਨਸ਼ੇ ਵਿੱਚ ਦੂਜੇ ਦੋਹਾਂ ਨੂੰ ਗਾਲ਼ੀ ਗਲੋਚ ਤੇ ਉੱਤਰ ਆਇਆ । ਜਰਨੈਲ ,ਤਰਲੋਚਨ ਨੂੰ ਇਹ ਵਿਆਹ ਵਿੱਚ ਬੀਅ ਦਾ ਲੇਖਾ ਚੰਗਾ ਨਹੀਂ ਲੱਗਿਆ, ਓਹਨਾਂ ਨੇ ਜਗਤਾਰ ਨੂੰ ਫੜ੍ਹ ਕੇ ਥੱਪੜਾਂ ਨਾਲ਼ ਚੰਗਾ ਬੁੜਘਾਇਆ। ਇੱਕ ਦੂਜੇ ਨੂੰ ਦੁੱਖ ਸੁੱਖ ਪੁੱਛਦੇ ਪੁੱਛਦੇ ਮਾਹੌਲ ਲੜਾਈ ਵਿੱਚ ਬਦਲ ਗਿਆ । ਓਹਨਾਂ ਦੋਹਾਂ ਨੇ ਦੋਸਤੀ ਦੇ ਨਾਤੇ ਜਗਤਾਰ ਨੂੰ ਆਪਣੀ ਗੱਡੀ ਚ ਸੁੱਟ ਓਹਦੇ ਘਰ ਮੂਹਰੇ ਉਤਾਰ ਕੇ ਚਲੇ ਗਏ । ਸਵੇਰੇ ਜਗਤਾਰ ਦਾ ਤਾਇਆ ਦੁੱਧ ਲੈਕੇ ਆਇਆ ਤਾਂ ਜਗਤਾਰ ਦਾ ਮੂੰਹ ਸੁੱਜਿਆ ਦੇਖ ਕੇ ਹੈਰਾਨੀ ਨਾਲ਼ ਪੁੱਛਣ ਲੱਗਾ " ਇਹ ਕੀ ਹਾਲ ਬਣਾ ਲਿਆ, ਕੀ ਭਾਣਾ ਵਰਤ ਗਿਆ ਭਾਈ"

" ਕੁਛ ਨ੍ਹੀ ਤਾਇਆ,ਰਾਤ ਐਵੇਂ ਸੈਂਟਰ ਤੇ ਸਟੇਟ ਦੀ ਮਾੜੀ ਜੀ ਝੜਪ ਹੋ ਗਈ ਸੀ",- ਜਗਤਾਰ ਦੱਸ ਕੇ ਓਵੇਂ ਜਿਵੇਂ ਪਿਆ ਰਿਹਾ।

ਗੁਰਵਿੰਦਰ ਸਿੰਘ ਐਡਵੋਕੇਟ
9041433832

ਸੋਸ਼ਲ ਮੀਡੀਆ ਰਾਹੀਂ ਮੁੜ ਪੈਰ ਪਸਾਰ ਰਿਹਾ ਡੀ ਡੀ ਪੰਜਾਬੀ

ਸਮੇਂ ਦੇ ਬਦਲਾਅ ਦੇ ਨਾਲ ਗਤੀਸ਼ੀਲ ਹੋਣ ਦਾ ਦੂਜਾ ਨਾਂ ਹੈ ਪ੍ਰਗਤੀਸ਼ੀਲ ਬਣਨਾ। ਜਿੰਨਾ ਚਿਰ ਅਸੀਂ ਜ਼ਮਾਨੇ ਦੇ ਨਾਲ ਨਾਲ ਨਹੀਂ ਤੁਰਦੇ ਓਨਾਂ ਚਿਰ ਸਾਡੇ ਲਈ ਸਫ਼ਲਤਾ ਦੇ ਰਸਤੇ ਵੀ ਨਹੀਂ ਖੁੱਲ੍ਹ ਸਕਦੇ। ਤੇਜ਼ ਰਫ਼ਤਾਰ ਜ਼ਿੰਦਗੀ ਦੇ ਨਾਲ ਨਾਲ ਜ਼ਮਾਨਾ ਵੀ ਬਹੁਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਜੇ ਅਸੀਂ ਪ੍ਰਗਤੀਵਾਦੀ ਸੋਚ ਦੇ ਧਾਰਨੀ ਹਾਂ ਤਾਂ ਸਾਨੂੰ ਨਵੀਂ ਵਿਚਾਰਧਾਰਾ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਣਾ ਹੀ ਪਵੇਗਾ। ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਮਨੁੱਖ ਕੋਲ ਲੰਮਾ ਸਮਾਂ ਟੀ ਵੀ ਅੱਗੇ ਬੈਠ ਕੇ ਵੱਡੇ ਵੱਡੇ ਪ੍ਰੋਗਰਾਮ ਵੇਖਣ ਦਾ ਵਕ਼ਤ ਕਿੱਥੇ ਹੈ। ਹਰ ਵਿਅਕਤੀ ਦੇ ਹੱਥ ਵਿੱਚ ਫੜਿਆ ਮੋਬਾਈਲ ਫ਼ੋਨ ਹੀ ਟੀ ਵੀ ਦੀ ਜ਼ਰੂਰਤ ਪੂਰੀ ਕਰ ਰਿਹਾ ਹੈ। ਅੱਜ ਕੱਲ੍ਹ ਕੰਮਾਂ ਕਾਰਾਂ ਤੇ, ਸਫ਼ਰ ਕਰਦਿਆਂ ਹੋਇਆਂ, ਵਿਆਹ ਸ਼ਾਦੀ ਦੇ ਅਵਸਰਾਂ ਤੇ, ਇੱਥੋਂ ਤੱਕ ਕਿ ਸੱਥਾਂ ਵਿੱਚ ਬੈਠੇ ਬਜ਼ੁਰਗਾਂ ਦੇ ਹੱਥਾਂ ਵਿੱਚ ਵੀ ਮੋਬਾਈਲ ਫੋਨ ਫੜੇ ਹੁੰਦੇ ਹਨ। ਹਰ ਵਰਗ ਦੇ ਲੋਕ ਮੋਬਾਈਲ ਫੋਨਾਂ ਤੇ ਆਪਣੇ ਕੰਮ ਦੇ ਨਾਲ ਨਾਲ ਦੁਨੀਆਂ ਭਰ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਵੀ ਦੇਖ ਰਿਹਾ ਹੁੰਦੇ ਹਨ ਤੇ ਨਾਲ ਦੀ ਨਾਲ ਮਨੋਰੰਜਨ ਵੀ ਕਰ ਰਹੇ ਹੁੰਦੇ ਹਨ।

ਅੱਜ ਤੋਂ ਚਾਰ ਪੰਜ ਕੁ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਟੈਲੀਵਿਜ਼ਨ ਕਿਸੇ ਕਿਸੇ ਦੇ ਘਰ ਹੁੰਦਾ ਸੀ। ਨਾ ਬਹੁਤੇ ਚੈਨਲ ਹੁੰਦੇ ਸਨ ਤੇ ਨਾ ਅੱਜ ਦੀ ਤਰ੍ਹਾਂ ਬਹੁਤ ਸਾਰੇ ਪ੍ਰੋਗਰਾਮ ਚੌਵੀ ਘੰਟੇ ਪ੍ਰਸਾਰਿਤ ਕੀਤੇ ਜਾਂਦੇ ਸਨ। ਜਲੰਧਰ ਦੂਰਦਰਸ਼ਨ ਜਿਸ ਨੂੰ ਅੱਜ ਕੱਲ੍ਹ ਡੀ ਡੀ ਪੰਜਾਬੀ ਕਿਹਾ ਜਾਂਦਾ ਹੈ ਸਿਰਫ਼ ਉਸ ਉੱਤੇ ਨਿਰਧਾਰਤ ਸਮੇਂ ਤੇ ਸ਼ਾਮ ਤੋਂ ਲੈਕੇ ਰਾਤ ਤੱਕ ਥੋੜ੍ਹੇ ਜਿਹੇ ਨਿਸ਼ਚਿਤ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਸਨ।ਜੇ ਆਪਾਂ ਇਸ ਦੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ 15 ਸਤੰਬਰ 1959 ਨੂੰ ਦੂਰਦਰਸ਼ਨ ਦੀ ਸ਼ੁਰੂਆਤ ਹੋਈ ਸੀ। ਜਦੋਂ ਪੂਰੀ ਦੁਨੀਆ ਇੱਕ ਛੋਟੇ ਜਿਹੇ ਡੱਬੇ ਵਿੱਚ ਕੈਦ ਹੋਣ ਲੱਗ ਪਈ ਸੀ। ਇਹ ਸਭ ਕੁਝ ਆਮ ਲੋਕਾਂ ਲਈ ਇੱਕ ਅਚੰਭੇ ਤੋਂ ਘੱਟ ਨਹੀਂ ਸੀ ਕਿਉਂਕਿ ਕੰਧਾਂ ਉੱਤੇ ਕੀਲਿਆਂ ਤੇ ਟੰਗੇ ਟਰਾਂਜ਼ਿਸਟਰ ਜਾਂ ਬੈਠਕਾਂ ਵਿੱਚ ਸਜਾ ਕੇ ਰੱਖੇ ਰੇਡੀਓ ਉੱਤੇ ਲੋਕਾਂ ਨੂੰ ਗਾਣੇ, ਖ਼ਬਰਾਂ ਅਤੇ ਫਰਮਾਇਸ਼ ਵਾਲੇ ਪ੍ਰੋਗਰਾਮ ਸੁਣਨ ਦੀ ਆਦਤ ਸੀ। ਹੁਣ ਲੋਕਾਂ ਨੂੰ ਅਵਾਜ਼ ਦੇ ਨਾਲ ਨਾਲ ਸ਼ਕਲਾਂ ਦੇਖਣ ਵਾਲੇ ਯੰਤਰ ਦਾ ਬੇਸਬਰੀ ਨਾਲ਼ ਕੀਤਾ ਜਾ ਰਿਹਾ ਇੰਤਜ਼ਾਰ ਪੂਰਾ ਹੋਇਆ ਸੀ। ਜਦੋਂ 15 ਸਤੰਬਰ 1959 ਨੂੰ, ਭਾਰਤ ਵਿੱਚ ਇੱਕ ਸਰਕਾਰੀ ਪ੍ਰਸਾਰਕ ਵਜੋਂ ਦੂਰਦਰਸ਼ਨ ਦੀ ਨੀਂਹ ਰੱਖੀ ਗਈ ਸੀ। ਉਸ ਸਮੇਂ ਛੋਟੇ ਪਰਦੇ 'ਤੇ ਚੱਲਦੀਆਂ ਤਸਵੀਰਾਂ ਦਿਖਾਉਣ ਵਾਲਾ ਇਹ ਇਲੈਕਟ੍ਰਿਕ ਯੰਤਰ ਲੋਕਾਂ ਲਈ ਹੈਰਾਨੀ ਅਤੇ ਉਤਸੁਕਤਾ ਦਾ ਕੇਂਦਰ ਸੀ। ਹਰ ਕੋਈ ਆਰਥਿਕ ਤੌਰ ਤੇ ਐਨਾ ਮਜ਼ਬੂਤ ਨਹੀਂ ਸੀ ਕਿ ਇਸ ਮਹਿੰਗੀ ਸ਼ੈਅ ਨੂੰ ਖ਼ਰੀਦ ਸਕੇ ਇਸ ਲਈ ਦੂਰ-ਦੁਰਾਡੇ ਤੋਂ ਲੋਕ ਉਸ ਘਰ ਨੂੰ ਦੇਖਣ ਆਉਂਦੇ ਸਨ ਜਿਸ ਵਿੱਚ ਟੈਲੀਵਿਜ਼ਨ ਹੁੰਦਾ ਸੀ। ਛੱਤ 'ਤੇ ਲਗਾਇਆ ਗਿਆ ਟੈਲੀਵਿਜ਼ਨ ਐਂਟੀਨਾ ਉਸ ਸਮੇਂ ਸਮਾਜਿਕ ਰੋਹਬ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਭਾਰਤੀ ਕਲਾ ਅਤੇ ਸੱਭਿਆਚਾਰ ਨੂੰ ਦਰਸਾਉਂਦੇ ਪ੍ਰੋਗਰਾਮ ਇਸ ਸਰਕਾਰੀ ਪ੍ਰਸਾਰਣ ਸੇਵਾ ਦਾ ਮੁੱਖ ਹਿੱਸਾ ਸਨ। ਸ਼ੁਰੂਆਤ ਵਿੱਚ, ਦੂਰਦਰਸ਼ਨ ਸਿਰਫ ਸੀਮਤ ਸਮੇਂ ਲਈ ਪ੍ਰੋਗਰਾਮ ਪ੍ਰਸਾਰਿਤ ਕਰਦਾ ਸੀ। ਦੂਰਦਰਸ਼ਨ ਦੀ ਸਥਾਪਨਾ 23 ਸਤੰਬਰ 1973 ਨੂੰ ਕੀਤੀ ਗਈ ਸੀ ਤੇ ਦੂਰਦਰਸ਼ਨ ਕੇਂਦਰ ਜਲੰਧਰ ਦਾ ਉਦਘਾਟਨ 13 ਅਪ੍ਰੈਲ 1979 ਨੂੰ ਅੰਮ੍ਰਿਤਸਰ ਤੋਂ ਇੱਥੇ ਤਬਦੀਲ ਹੋਣ ਤੋਂ ਬਾਅਦ ਕੀਤਾ ਗਿਆ ਸੀ। ਅੰਮ੍ਰਿਤਸਰ ਦੀ ਬਜਾਏ ਇੱਥੇ ਇਸ ਦੀ ਸਥਾਪਨਾ ਉਸ ਵੇਲੇ ਦੇ ਕੇਂਦਰੀ ਆਈ ਐਂਡ ਬੀ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਯਤਨਾਂ ਸਦਕਾ ਸੰਭਵ ਹੋਈ ਸੀ। ਸਟੇਸ਼ਨ ਗੁਜਰਾਲ ਨਗਰ ਵਿਖੇ ਸਥਿਤ ਹੈ। ਪਹਿਲਾਂ ਪਹਿਲ ਦੂਰਦਰਸ਼ਨ ਕੇਂਦਰ ਦਿਨ ਵਿੱਚ ਕੁਝ ਘੰਟਿਆਂ ਦੇ ਪ੍ਰੋਗਰਾਮਾਂ ਤੱਕ ਸੀਮਤ ਸੀ ਜਿਵੇਂ ਪ੍ਰੋਗਰਾਮ ਪਰਖ,ਵੀਹ ਸਵਾਲ,ਚਿੱਤਰਹਾਰ,ਅਤਰੋ ਚਤਰੋ ਆਦਿਕ ਮਨੋਰੰਜਨ ਭਰਪੂਰ ਪ੍ਰੋਗਰਾਮਾਂ ਦਾ ਬੱਚੇ,ਬੁੱਢੇ ਜਵਾਨ ਸਭ ਬਹੁਤ ਬੇਸਬਰੀ ਨਾਲ਼ ਇੰਤਜ਼ਾਰ ਕਰਦੇ ਸਨ। ਇੱਥੋਂ ਤੱਕ ਕਿ ਬਜ਼ੁਰਗ ਰਮਨ ਕੁਮਾਰ ਦੀਆਂ ਖ਼ਬਰਾਂ ਨੂੰ ਵੀ ਕਿਸੇ ਫ਼ਿਲਮ ਨਾਲੋਂ ਘੱਟ ਦਿਲਚਸਪੀ ਨਾਲ ਨਹੀਂ ਦੇਖਦੇ ਸਨ।

ਡੀਡੀ ਪੰਜਾਬੀ ਚੈਨਲ 1998 ਵਿੱਚ ਲਾਂਚ ਕੀਤਾ ਗਿਆ ਸੀ ਅਤੇ ਇਹ ਦੋ ਸਾਲਾਂ ਦੌਰਾਨ 24 ਘੰਟੇ ਦੀ ਸੇਵਾ ਪ੍ਰਦਾਨ ਕਰਨ ਲੱਗਿਆ ਸੀ। ਇਸ ਸਮੇਂ ਜਲੰਧਰ ਦੂਰਦਰਸ਼ਨ ਕੇਂਦਰ, ਡੀਡੀ ਪੰਜਾਬੀ ਜਲੰਧਰ ਦੇ ਨਾਂ ਹੇਠ ਆਪਣੇ ਪ੍ਰੋਗਰਾਮਾਂ ਦਾ ਪ੍ਰਸਾਰਣ ਕਰਦਾ ਹੈ। ਅੱਜ ਚਾਹੇ ਸਮੇਂ ਦੇ ਬਦਲਾਅ ਨਾਲ ਨਾਲ ਡੀ ਡੀ ਪੰਜਾਬੀ ਦੀ ਪੂਰੀ ਦੁਨੀਆ ਵਿੱਚ 100 ਪ੍ਰਤੀਸ਼ਤ ਪਹੁੰਚ ਹੋ ਗਈ ਹੈ ਪਰ ਸਮਾਂ ਕੱਢ ਕੇ ਵੇਖਣ ਵਾਲੇ ਦਰਸ਼ਕਾਂ ਦੀ ਬਹੁਤ ਕਮੀ ਹੋ ਗਈ। ਡਿਜ਼ੀਟਲ ਯੁੱਗ ਅਤੇ ਸੰਚਾਰ ਕ੍ਰਾਂਤੀ ਦੇ ਸਮੇਂ ਵਿੱਚ ਨੌਜਵਾਨ ਪੀੜ੍ਹੀ 'ਦੂਰਦਰਸ਼ਨ' ਦੀ ਮਹੱਤਤਾ ਨੂੰ ਬਹੁਤ ਘੱਟ ਸਮਝਦੀ ਹੈ, ਪਰ ਪੁਰਾਣੀ ਪੀੜ੍ਹੀ ਦਾ ਇਸ ਨਾਲ ਦਿਲ ਦੀਆਂ ਗਹਿਰਾਈਆਂ ਤੋਂ ਸਬੰਧ ਰਿਹਾ ਹੈ। ਤੇਜ਼ੀ ਨਾਲ ਇਲੈਕਟ੍ਰਾਨਿਕ ਮੀਡੀਆ ਦੇ ਪੈਰ ਪਸਰਨ ਲੱਗੇ, ਕੰਪਿਊਟਰ, ਲੈਪਟਾਪ, ਮੋਬਾਈਲ ਫੋਨਾਂ ਆਉਣ ਦੇ ਨਾਲ ਨਾਲ ਟੀ ਵੀ ਤੇ ਵੀ ਬਹੁਤ ਸਾਰੇ ਪ੍ਰਾਈਵੇਟ ਚੈਨਲਾਂ ਦਾ ਪ੍ਰਸਾਰ ਹੋਇਆ। ਇਸ ਤੇਜ਼ ਰਫ਼ਤਾਰੀ ਅਤੇ ਚਮਕ ਦਮਕ ਦੀ ਦੁਨੀਆਂ ਵਿੱਚ ਪ੍ਰਾਈਵੇਟ ਚੈਨਲਾਂ ਵੱਲੋਂ ਲੋਕਾਂ ਨੂੰ ਉਹਨਾਂ ਦੇ ਸਵਾਦ ਅਨੁਸਾਰ ਵੱਖ ਵੱਖ ਚੈਨਲ ਪਰੋਸ ਦਿੱਤੇ ਗਏ । ਉਹਨਾਂ ਦੀ ਚਮਕ ਦਮਕ ਹੇਠ ਪੰਜਾਬੀਆਂ ਦੇ ਲਾਡਲੇ ਅਤੇ ਪੰਜਾਬੀ ਸਭਿਆਚਾਰ ਦੇ ਪਹਿਰੇਦਾਰ ਚੈਨਲ ਨੂੰ ਬਹੁਤੇ ਲੋਕਾਂ ਵੱਲੋਂ ਅਣਗੌਲਿਆਂ ਕੀਤਾ ਜਾਣ ਲੱਗਿਆ। ਚਾਹੇ ਸਮੇਂ ਸਮੇਂ ਤੇ ਪੰਜਾਬੀ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਡੀ ਡੀ ਪੰਜਾਬੀ ਵੱਲੋਂ ਵਧੀਆ ਤੋਂ ਵਧੀਆ ਪ੍ਰੋਗਰਾਮ ਨਵੇਂ ਨਵੇਂ ਤਰੀਕਿਆਂ ਨਾਲ ਪੇਸ਼ ਕੀਤੇ ਜਾਣ ਲੱਗੇ ਹਨ ਪਰ ਫਿਰ ਵੀ ਸਮੇਂ ਦੀ ਤੇਜ਼ ਰਫ਼ਤਾਰੀ ਅਤੇ ਹੋਰ ਕਈ ਕਾਰਨਾਂ ਕਰਕੇ ਇਸ ਵਿੱਚ ਚੈਨਲ ਨਵੀਂ ਪੀੜ੍ਹੀ ਦਾ ਰੁਝਾਨ ਬਹੁਤ ਘੱਟ ਸੀ। ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਪਿਛਲੇ ਕੁਝ ਸਮੇਂ ਤੋਂ ਡੀ ਡੀ ਪੰਜਾਬੀ ਵੱਲੋਂ ਵੀ ਸੋਸ਼ਲ ਮੀਡੀਆ ਦਾ ਸਦਉਪਯੋਗ ਤੇਜ਼ੀ ਨਾਲ ਕੀਤਾ ਜਾਣ ਲੱਗਿਆ ਹੈ । ਡੀ ਡੀ ਪੰਜਾਬੀ ਵੱਲੋਂ ਫੇਸਬੁੱਕ, ਇੰਸਟਾਗ੍ਰਾਮ, ਯੂਟਿਊਬ ਅਤੇ ਐਕਸ ਉੱਤੇ ਚੈਨਲ ਬਣਾ ਲਏ ਗਏ ਹਨ ਜਿਸ ਨੂੰ ਹਰ ਕੋਈ ਆਪਣੇ ਮੋਬਾਈਲ ਤੇ ਅਸਾਨੀ ਨਾਲ ਵੇਖ ਸਕਦਾ ਹੈ। ਪ੍ਰੋਗਰਾਮਾਂ ਵਿੱਚ ਨਵੀਨੀਕਰਨ ਕੀਤੇ ਜਾਣ ਨਾਲ ਉਨ੍ਹਾਂ ਦੇ ਸੈੱਟ ਵੀ ਜ਼ਮਾਨੇ ਦੇ ਹਿਸਾਬ ਨਾਲ ਲਗਾਏ ਜਾਣ ਲੱਗੇ ਹਨ। ਉਦਾਹਰਣ ਦੇ ਤੌਰ ਤੇ"ਮੇਰਾ ਪਿੰਡ ਮੇਰੇ ਖੇਤ" ਪ੍ਰੋਗਰਾਮ ਚਾਹੇ ਕਿਸਾਨਾਂ ਨਾਲ਼ ਜੁੜਿਆ ਹੋਇਆ ਪ੍ਰੋਗਰਾਮ ਹੈ ਪਰ ਉਸ ਦੇ ਦ੍ਰਿਸ਼ ਮਨ ਨੂੰ ਮੋਹ ਲੈਣ ਵਾਲ਼ੇ ਹੁੰਦੇ ਹਨ। ਉਹਨਾਂ ਦੀਆਂ ਵੀਡੀਓਜ਼ ਆਮ ਵਿਅਕਤੀ ਨੂੰ ਵੀ ਆਪਣੇ ਵੱਲ ਖਿੱਚ ਪਾਉਂਦੀਆਂ ਹਨ ਤੇ ਖੋਲ੍ਹ ਕੇ ਵੇਖਣ ਨੂੰ ਮਜ਼ਬੂਰ ਕਰਦੀਆਂ ਹਨ ਕਿਉਂਕਿ ਉਸ ਦੇ ਪੇਂਡੂ ਦ੍ਰਿਸ਼ ਮਨ ਨੂੰ ਸਕੂਨ ਦੇਣ ਵਾਲ਼ੇ ਹੁੰਦੇ ਹਨ। ਪੁਰਾਣੇ ਪੰਜਾਬੀ ਕਲਾਕਾਰਾਂ ਦੇ ਦੂਰਦਰਸ਼ਨ ਦੀਆਂ ਸਟੇਜਾਂ ਤੇ ਫ਼ਿਲਮਾਏ ਗੀਤਾਂ ਦੇ ਛੋਟੇ ਛੋਟੇ ਕਲਿੱਪ ਜਿਸ ਨੂੰ ਸੋਸ਼ਲ ਮੀਡੀਆ ਦੀ ਭਾਸ਼ਾ ਵਿੱਚ ਰੀਲਾਂ ਕਿਹਾ ਜਾਂਦਾ ਹੈ,ਜਦ ਸਾਹਮਣੇ ਆਉਂਦੀਆਂ ਹਨ ਤਾਂ ਬਜ਼ੁਰਗ ਆਪ ਮੁਹਾਰੇ ਹੀ ਬੀਤੇ ਸਮੇਂ ਦੀਆਂ ਸੁਨਹਿਰੀ ਯਾਦਾਂ ਤਰੋ ਤਾਜ਼ਾ ਕਰ ਲੈਂਦੇ ਹਨ। ਗੁੰਮ ਹੋ ਚੁੱਕੇ ਸਮੇਂ ਦੀਆਂ ਯਾਦਾਂ ਨੂੰ ਸੁਰਜੀਤ ਕਰਨ ਵਿੱਚ ਡੀ ਡੀ ਪੰਜਾਬੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਸੱਜਰੀ ਸਵੇਰ ਵਿੱਚ ਪੇਸ਼ ਕੀਤੇ ਜਾਣ ਵਾਲੇ ਕਈ ਤਰ੍ਹਾਂ ਦੇ ਪ੍ਰੋਗਰਾਮਾਂ ਦੀਆਂ ਕੰਮ ਦੀਆਂ ਗੱਲਾਂ ਦੇ ਛੋਟੇ ਛੋਟੇ ਕਲਿੱਪ ਸੋਸ਼ਲ ਮੀਡੀਆ ਤੇ ਵਾਇਰਲ ਹੋਣ ਲੱਗ ਪਏ ਹਨ ਜਿਸ ਨਾਲ ਦਰਸ਼ਕ ਸਹਿਜ ਸੁਭਾਅ ਹੀ ਤੇਜ਼ੀ ਨਾਲ ਜੁੜ ਰਹੇ ਹਨ। ਨਵੀਂ ਪੀੜ੍ਹੀ ਦੇ ਸੋਸ਼ਲ ਮੀਡੀਆ ਦੇ ਚਰਚਿਤ ਅਤੇ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਪਸੰਦ ਕੀਤੇ ਜਾਣ ਵਾਲੇ ਕਲਾਕਾਰਾਂ ਨੂੰ ਡੀ ਡੀ ਪੰਜਾਬੀ ਆਪਣੇ ਨਾਲ ਜੋੜ ਕੇ ਬਹੁਤ ਸਮਝਦਾਰੀ ਨਾਲ ਉਹਨਾਂ ਦੇ ਦਰਸ਼ਕਾਂ ਨੂੰ ਵੀ ਆਪਣੇ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਵਿੱਚ ਕਾਮਯਾਬ ਹੋ ਗਿਆ ਹੈ। ਟੀ ਵੀ ਮੂਹਰੇ ਬੈਠ ਕੇ ਡੀ ਡੀ ਪੰਜਾਬੀ ਨੂੰ ਵੇਖਣ ਵਾਲੇ ਦਰਸ਼ਕਾਂ ਦੀ ਗਿਣਤੀ ਭਾਵੇਂ ਘੱਟ ਹੋਵੇ ਪਰ ਅੱਜ ਕੱਲ੍ਹ ਸੋਸ਼ਲ ਮੀਡੀਆ ਰਾਹੀਂ ਡੀ ਡੀ ਪੰਜਾਬੀ ਬਹੁਤ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ। ਇਸ ਲਈ ਸਬੰਧਤ ਟੀਮ ਜਾਂ ਅਧਿਕਾਰੀ ਵਧਾਈ ਦੇ ਪਾਤਰ ਹਨ।

ਬਰਜਿੰਦਰ ਕੌਰ ਬਿਸਰਾਓ...
9988901324

ਮਾੜੇ ਆਗੂਆਂ ਦੀ ਕਿਰਪਾ ਨਾਲ਼

ਪੱਤੀ ਪੱਤੀ ਹੋ ਕੇ ਰਹਿ ਗਿਆ ,
ਹੁੰਦਾ ਸੀ ਜੋ ਫੁੱਲ ਗੁਲਾਬ ।
ਕੀ ਖੱਟਿਆ ਤੇ ਕੀ ਗੁਆਇਆ,
ਕਦੇ ਲਾ ਨਾ ਸਕੇ ਹਿਸਾਬ ।
ਦਾਨ ਦੇਣ ਵਿੱਚ ਕਿਸੇ ਵੇਲ਼ੇ ਜੋ ,
ਪਹਿਲੇ ਨੰਬਰ 'ਤੇ ਹੁੰਦਾ ਸੀ ;
ਕਰਜ਼ਾ ਲੈਣ ਵਿੱਚ ਦੂਜਾ ਨੰਬਰ,
ਲੈ ਗਿਆ ਓਹੀ ਪੰਜਾਬ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ
ਜ਼ਿਲ੍ਹਾ ਸੰਗਰੂਰ ।
9914836037

ਗਜ਼ਲ

ਨਸ਼ਿਆ ਦੇ ਵਿਚ ਨਾ ਤੂੰ ਰੋੜ ਜਵਾਨੀ ਨੂੰ,
ਜਾਂਦੀ-ਜਾਂਦੀ ਹੁਣ ਤਾਂ ਮੋੜ ਜਵਾਨੀ ਨੂੰ।

ਪੀਜ਼ਾ ਬਰਗਰ ਖਾ ਕੇ ਢਾਂਚਾ ਵਿਗੜ ਗਿਆ,
ਦੁੱਧ ਦਹੀਂ ਦੀ ਹੈ ਅਜ ਲੋੜ ਜਵਾਨੀ ਨੂੰ।

ਇਸ ਤਨ ਨੂੰ ਘੁਣ ਬਿਰ੍ਹੋਂ ਦਾ ਖਾ ਜਾਂਦਾ ਹੈ,
ਲਾਹ ਸਿੱਟੋ ਜੋ ਲੱਗਿਆ ਕੋੜ੍ਹ ਜਵਾਨੀ ਨੂੰ।

ਆਪ ਗਵਾਇਆ ਜੋਬਨ ਚਿੱਟਾ ਖਾ ਖਾ ਤੂੰ,
ਟੁੱਟੀ ਭੱਜੀ ਚੁੱਕ ਕੇ, ਜੋੜ ਜਵਾਨੀ ਨੂੰ।

ਡਮਰੂ ਵਾਂਗੂ ਜਿਸਮ ਖੜਕਦਾ ਬੰਦੇ ਦਾ,
ਕਸਰਤ ਦੀ ਤਾਂ ਹੈ ਅੱਜ ਥੋੜ ਜਵਾਨੀ ਨੂੰ।

ਤੁਰਿਆ ਚੱਲ ਜਵਾਨਾਂ ਸੰਭਲ-ਸੰਭਲ ਕੇ,
ਖਾ ਨਾ ਜਾਵੇ ਕੋਈ ਤੋੜ ਜਵਾਨੀ ਨੂੰ,

ਸਿਖਰਾਂ ਉੱਤੇ ਬਹਿਣਾ ਜਾ ਕੇ 'ਹੋਸ਼ੀ' ਤੂੰ,
ਹੋਕਾ ਦੇ ਦੇ ਕੇ ਝੰਜੋੜ ਜਵਾਨੀ ਨੂੰ,

ਪਵਨ ਕੁਮਾਰ ਹੋਸ਼ੀ

ਬੇਮੁੱਖ ਹੋ ਪੰਜਾਬ ਤੋਂ

ਬੇਮੁੱਖ ਹੋ ਪੰਜਾਬ ਤੋਂ ਸ਼ੇਰਾ , ਕਿਉਂ ਲਿਖ ਰਿਹੈਂ ਬੇਦਾਵਾ ਤੂੰ
ਪਿੱਤਰੀ ਰਾਜ ਗੁਆ ਕੇ ਆਪਣਾ, ਫਿਰੇ ਅਨੋਭੜ ਥਾਵਾਂ ਤੂੰ
ਬੇਮੁੱਖ ਹੋ ਕੇ ਸਿੱਖੀ ਤੋਂ.....
ਛੱਡ ਦੁਮਾਲੇ ਕੇਸ ਕਟਾਤੇ, ਕਿਉਂ ਪਾ ਲਿਆ ਸਲਵਾਰਾਂ ਨੂੰ
ਨਸ਼ਿਆਂ ਵਿੱਚ ਡੁਬਾਤਾ ਤੈਨੂੰ, ਖੋਹ ਵੈਰੀ ਨੇ ਤਲਵਾਰਾਂ ਨੂੰ
ਫੁਕਰਪੁਣੇ ਤੇ ਐਬ ਦੀਆਂ, ਕਿਉਂ ਫੜੀਆਂ ਨੇ ਰਾਹਵਾਂ ਤੂੰ
ਬੇਮੁੱਖ ਹੋ ਕੇ ਸਿੱਖੀ ਤੋਂ.. ....
ਇਤਿਹਾਸ ਤੇ ਸਿੱਖ ਵਿਰਾਸਤ ਦੇ, ਵੈਰੀ ਪੰਨੇ ਬਦਲ ਰਹੇ
ਤੇਰੀ ਨਸਲਕੁਸ਼ੀ ਦੀ ਖਾਤਰ, ਕਰ ਹਰ ਦਿਨ ਕਤਲ ਰਹੇ
ਨਾਲ਼ ਗਦਾਰਾਂ ਕਰੇਂ ਕਲੋਲਾਂ, ਪਾ ਬਾਹਵਾਂ ਵਿਚ ਬਾਹਵਾਂ ਤੂੰ
ਬੇਮੁੱਖ ਹੋ ਕੇ ਸਿੱਖੀ ਤੋਂ.....
ਗੁੰਮਰਾਹ ਕੀਤਾ ਏ ਅਕਲਾਂ ਨੂੰ, ਬਾਬਿਆਂ-ਡੇਰਿਆਂ ਨੇ
ਤੇਰਾ ਨਾਮੋ ਨਿਸ਼ਾਨ ਮਿਟਾਤਾ, ਕਰ ਗਦਾਰੀ ਤੇਰਿਆਂ ਨੇ
ਨਾਲ ਕਿਤਾਬਾਂ ਪਾ ਲੈ ਯਾਰੀ, ਪੰਨਿਓ ਪੜ੍ਹ ਕਥਾਵਾਂ ਤੂੰ
ਬੇਮੁੱਖ ਹੋ ਕੇ ਸਿੱਖੀ ਤੋਂ.....
ਤੇਰੀ ਦਿੱਖ ਨਿਸ਼ਾਨੇ 'ਤੇ ਹੈ, ਤੇਰੀ ਭਾਸ਼ਾ, ਤੇਰੀ ਮਾਂ-ਬੋਲੀ
ਨੂਈ ਮੰਗੇ ਮਿਲਦੇ ਹੱਕ "ਬਾਲੀ", ਗ਼ੈਰਤ ਪੈਰੀਂ ਕਿਉਂ ਰੋਲ਼ੀ
ਆਪਣੇ ਆਪ ਬੁਲਾ ਬੈਠੈਂ, ਰੇਤਗੜ੍ਹ ਘਰੇਂ ਵਲਾਵਾਂ ਤੂੰ
ਬੇਮੁੱਖ ਹੋ ਕੇ ਸਿੱਖੀ ਤੋਂ .....

ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ "
919465129168

ਮਾਹੀਆ

ਕੁੱਝ ਮੂੰਹੋਂ ਵੀ ਬੋਲ ਸਹੀ
ਮੇਰੇ ਮੁਕੱਦਰ ਦੀ
ਤੂੰ ਪੱਤਰੀ ਵੀ ਖ਼ੋਲ ਸਹੀ।

ਇੱਕ ਘੁੰਮਣ-ਘੇਰੀ ਏ
ਦੁਨੀਆ ਏ ਸਜਣਾ
ਨਾ ਤੇਰੀ ਨਾ ਮੇਰੀ ਏ।

ਕਦੇ ਸ਼ਕਲ ਦਿਖਾ ਸਜਣਾ
ਦਿਲ ਦੇ ਸੁੰਨੇ ਵਿਹੜੇ 'ਚ
ਕਦੇ ਹੱਸਦਾ ਆ ਸਜਣਾ।

ਹੰਝੂਆਂ ਦੀ ਰਵਾਨੀ ਏ
ਹਿਜਰ ਤੇਰੇ 'ਚ ਹੁਣ ਤਾਂ
ਇਹ ਉਮਰ ਬਿਤਾਉਣੀ ਏ।

ਤਕਦੀਰ ਨੂੰ ਸਾਂਝਾ ਕਰ ਲੈ
ਤੂੰ ਹੀਰ ਨਾਂ ਸਿਆਲਾਂ ਦੀ
ਹੁਣ ਰਾਂਝਾ ਰਾਂਝਾ ਕਰ ਲੈ।

ਸੁਰਜੀਤ ਸਿੰਘ ਭੁੱਲਰ

ਜਨਮ ਦਿਨ ਮੁਬਾਰਕ

ਮੁਸਕਾਨ
ਪਿਤਾ-ਜਸਵੀਰ ਸਿੰਘ ਸ਼ੀਰਾ,ਮਾਤਾ ਨਵਜੋਤ ਕੌਰ
ਵਾਸੀ-ਪਿੰਡ ਕੋਟਲਾ ਸੂਰਜ ਮੱਲ
(ਸ਼ਾਹਕੋਟ) ਜਲੰਧਰ

ਵਰ੍ਹੇਗੰਢ ਮੁਬਾਰਕ

ਦਲਜੀਤ ਕੌਰ ਭਾਟੀਆ ਅਤੇ ਬਲਬੀਰ ਸਿੰਘ ਭਾਟੀਆ ਨੇ ਆਪਣੇ ਵਿਆਹ ਦੀ 39ਵੀਂ ਵਰ੍ਹੇਗੰਢ 8 ਫ਼ਰਵਰੀ ਨੂੰ ਮਨਾਈ।

ਪਿੰਡ ਜੀਂਦੋਵਾਲ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ

ਬੰਗਾ(ਚਰਨਜੀਤ ਸੱਲ੍ਹਾਂ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿਨੁਮਾਈ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਚਰਨਕੰਵਲ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ ਗੁਰਦੁਆਰਾ ਸਾਹਿਬ ਦੀ ਦੇ ਹੈਡ ਗ੍ਰੰਥੀ ਜੀ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਹਾਂਨ ਕੰਮਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਵੱਲੋਂ ਮਨੁੱਖਤਾ ਦੀ ਸੇਵਾ ਕਰਨ ਲਈ ਸਾਰਾ ਜੀਵਨ ਲਾਇਆ ਅਤੇ ਸੰਗਤਾਂ ਨੂੰ ਵੀ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ ਕਿਉਂਕਿ ਕਿ ਮਨੁੱਖਤਾ ਦੀ ਸੇਵਾ ਕਰਨਾ ਹੀ ਸਾਡਾ ਸਭ ਦਾ ਫ਼ਰਜ਼ ਹੈ।ਡਾ ਬਲਵੀਰ ਸਿੰਘ ਬੱਲ ਜੀ ਨੇ ਵੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਦੁਆਰਾ ਦੱਸੇ ਹੋਏ ਮਾਰਗ ਤੇ ਚੱਲਣਾ ਚਾਹੀਦਾ ਹੈ ਅਤੇ ਬੇਗਮ-ਪੁਰੇ ਦੀ ਸਿਰਜਣਾ ਲਈ ਸਾਨੂੰ ਉਨ੍ਹਾਂ ਦੀ ਬਾਣੀ ਤੇ ਅਮਲ ਕਰਨਾ ਚਾਹੀਦਾ ਹੈ। ਗੁਰਦੁਆਰਾ ਸ੍ਰੀ ਚਰਨਕੰਵਲ ਸਾਹਿਬ ਤੋਂ ਵਿਸਾਲ ਨਗਰ ਕੀਰਤਨ ਸਜਾਇਆ ਗਿਆ ਅਤੇ ਸਾਰੇ ਪਿੰਡ ਵਿੱਚ ਪ੍ਰਕਰਮਾ ਕਰਦਾ ਹੋਇਆ ਮੁੜ ਸਮਾਪਤ ਗੁਰਦੁਆਰਾ ਸਾਹਿਬ ਵਿਖੇ ਹੋਇਆ ਸੰਗਤਾਂ ਨੇ ਵੱਧ ਚੜ੍ਹ ਕੇ ਭਾਗ ਲਿਆ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ ਪ੍ਰਕਾਸ਼ ਪੁਰਵ ਵਿੱਚ ਸ਼ਾਮਿਲ ਹੋਣ ਲਈ ਸਾਈ ਗੀਤਾ ਸ਼ਾਹ ਕਾਦਰੀ ਨੂੰ ਦਿੱਤਾ ਸੱਦਾ ਪੱਤਰ

ਹੁਸ਼ਿਆਰਪੁਰ (ਤਰਸੇਮ ਦੀਵਾਨਾ) "ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਰਜਿ. ਪੰਜਾਬ ਦੇ ਅਹੁਦੇਦਾਰਾਂ ਵੱਲੋ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ 13 ਫਰਵਰੀ ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਗਟ ਦਿਵਸ ਦੇ ਪਵਿੱਤਰ ਦਿਹਾੜੇ ਸਬੰਧੀ ਤਿਆਰੀਆਂ ਜ਼ੋਰਾਂ-ਸ਼ੋਰਾਂ 'ਤੇ ਚੱਲ ਰਹੀਆਂ ਹਨ। ਇਸ ਸਬੰਧੀ "ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ ਪੰਜਾਬ" ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੋੜੇ ਅਤੇ ਸੁਸਾਇਟੀ ਦੇ ਜਨਰਲ ਸਕੱਤਰ ਸੰਤ ਇੰਦਰ ਦਾਸ ਸੇਖੇ ਵੱਲੋਂ ਸਾਈ ਗੀਤਾ ਸ਼ਾਹ ਕਾਦਰੀ ਨਾਲ ਇਕ ਵਿਸ਼ੇਸ਼ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਨੂੰ ਇਸ ਇਤਿਹਾਸਕ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਸੱਦਾ ਪੱਤਰ ਭੇਂਟ ਕੀਤਾ ਗਿਆ। ਉਹਨਾ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਕਰਵਾਏ ਜਾ ਰਹੇ ਪ੍ਰਕਾਸ਼ ਪੁਰਬ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਰਧਾ ਅਤੇ ਉਤਸ਼ਾਹ ਨਾਲ ਹਿੱਸਾ ਲੈਣਗੀਆਂ। ਸਾਈ ਗੀਤਾ ਸ਼ਾਹ ਜੀ ਨੇ ਸੱਦਾ ਪੱਤਰ ਸਵੀਕਾਰ ਕਰਦਿਆਂ ਸਮੂਹ ਪ੍ਰਬੰਧਕਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਇਸ ਮੌਕੇ ਬਿਲਡਿੰਗ ਇੰਚਾਰਜ ਭੈਣ ਸੰਤੋਸ਼ ਕੁਮਾਰੀ ਜੀ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਇਤਿਹਾਸਕ ਦਿਹਾੜੇ 'ਤੇ ਵੱਡੀ ਗਿਣਤੀ ਵਿੱਚ ਸ੍ਰੀ ਗੁਰੂ ਰਵਿਦਾਸ ਸਦਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰੀ ਭਰ ਕੇ ਆਪਣਾ ਜੀਵਨ ਸਫਲ ਕਰਨ। ਉਨ੍ਹਾਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਸਿੱਖਿਆਵਾਂ ਸਾਨੂੰ ਮਾਨਵਤਾ, ਭਾਈਚਾਰਕ ਸਾਂਝ ਅਤੇ ਬਰਾਬਰਤਾ ਦਾ ਮਾਰਗ ਦਿਖਾਉਂਦੀਆਂ ਹਨ। ਇਸ ਮੌਕੇ ਹੋਰਨਾ ਤੋਂ ਇਲਾਵਾ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿਸਟਰਡ ਭਾਰਤ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਅਤੇ ਸੰਤ ਬੀਬੀ ਪੂਨਮ ਹੀਰਾ ਆਦ ਹਾਜ਼ਰ ਸਨ।

ਫੋਟੋ ਅਜਮੇਰ ਦੀਵਾਨਾ

ਹਿੰਦੂ ਮਹਾਪੰਚਾਇਤ ਨੇ "ਘੂਸ਼ਖੋਰ ਪੰਡਿਤ" ਸਿਰਲੇਖ ਵਾਲੀ ਟੈਲੀਫਿਲਮ ਦੀ ਨਿੰਦਾ ਕੀਤੀ ਅਤੇ ਵਿਰੋਧ ਪ੍ਰਦਰਸ਼ਨ ਦੀ ਧਮਕੀ ਦਿੱਤੀ

ਡੇਰਾਬੱਸੀ, ਸੰਜੀਵ ਸਿੰਘ ਸੈਣੀ ਅੱਜ ਡੇਰਾਬੱਸੀ ਵਿੱਚ ਹਿੰਦੂ ਮਹਾਪੰਚਾਇਤ ਦੀ ਇੱਕ ਐਮਰਜੈਂਸੀ ਮੀਟਿੰਗ ਹੋਈ, ਜਿਸ ਵਿੱਚ ਵੱਖ-ਵੱਖ ਧਰਮਾਂ ਦੇ ਲੋਕ ਸ਼ਾਮਲ ਹੋਏ। ਰਾਸ਼ਟਰੀ ਹਿੰਦੂ ਸ਼ਕਤੀ ਸੰਗਠਨ ਦੇ ਰਾਸ਼ਟਰੀ ਉਪ ਪ੍ਰਧਾਨ ਰਵਿੰਦਰ ਵੈਸ਼ਨਵ ਦੀ ਪ੍ਰਧਾਨਗੀ ਹੇਠ ਡੇਰਾਬੱਸੀ ਦੇ ਆਦਰਸ਼ ਨਗਰ ਵਿੱਚ ਹੋਈ, ਜਿਸ ਵਿੱਚ ਸਾਰੇ ਭਾਈਚਾਰਿਆਂ ਦੇ ਹਿੱਤ ਵਿੱਚ ਇੱਕ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ, ਜਿਸ ਵਿੱਚ ਵਿਵਾਦਤ ਟੈਲੀਫਿਲਮ ਦੇ ਸਿਰਲੇਖ: "ਘੂਸ਼ਖੋਰ ਪੰਡਿਤ" ਦੀ ਸਖ਼ਤ ਨਿੰਦਾ ਕੀਤੀ ਗਈ। ਇਹ ਮਤਾ ਹਿੰਦੂ ਮਹਾਪੰਚਾਇਤ ਦੇ ਪ੍ਰਧਾਨ, ਭਾਜਪਾ ਨੇਤਾ ਅਤੇ ਬ੍ਰਾਹਮਣ ਸਭਾ ਦੇ ਪ੍ਰਧਾਨ, ਸ੍ਰੀ ਰਵਿੰਦਰ ਵੈਸ਼ਨਵ ਅਤੇ ਸਾਬਕਾ ਜਨਰਲ ਸਕੱਤਰ, ਨਰਿੰਦਰ ਮੋਹਨ ਸ਼ਰਮਾ ਦੁਆਰਾ ਪੇਸ਼ ਕੀਤਾ ਗਿਆ ਸੀ, ਅਤੇ ਸਰਬਸੰਮਤੀ ਨਾਲ ਹੱਥ ਖੜ੍ਹੇ ਕਰਕੇ ਪਾਸ ਕੀਤਾ ਗਿਆ। ਸ੍ਰੀ ਰਵਿੰਦਰ ਵੈਸ਼ਨਵ ਨੇ ਕਿਹਾ ਕਿ ਇਹ ਇੱਕ ਖਾਸ ਵਰਗ, ਜਾਤ ਜਾਂ ਭਾਈਚਾਰੇ ਦਾ ਨਾਮ ਲੈ ਕੇ ਸਨਾਤਨ ਧਰਮ ਨੂੰ ਵੰਡਣ ਅਤੇ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਅੱਜ, "ਘੂਸ਼ਖੋਰ ਪੰਡਿਤ" ਨਾਮ ਬ੍ਰਾਹਮਣਾਂ ਨੂੰ ਦਿੱਤਾ ਗਿਆ ਹੈ, ਅਤੇ ਕੱਲ੍ਹ, ਅਜਿਹਾ ਨਾਮ ਕਿਸੇ ਹੋਰ ਜਾਤੀ ਜਾਂ ਭਾਈਚਾਰੇ ਨੂੰ ਦਿੱਤਾ ਜਾ ਸਕਦਾ ਹੈ, ਇਸ ਤਰ੍ਹਾਂ ਸਨਾਤਨ ਧਰਮ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨਿਰਦੇਸ਼ਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਅਤੇ ਟੈਲੀਫਿਲਮ ਦਾ ਨਾਮ ਬਦਲਣ ਦੀ ਮੰਗ ਕਰਦਿਆਂ ਚੇਤਾਵਨੀ ਦਿੱਤੀ ਕਿ ਜੇਕਰ ਇਸ ਫਿਲਮ ਦਾ ਪ੍ਰਸਾਰਣ ਜਲਦੀ ਬੰਦ ਨਾ ਕੀਤਾ ਗਿਆ ਜਾਂ ਇਸਦਾ ਨਾਮ ਨਾ ਬਦਲਿਆ ਗਿਆ ਤਾਂ ਇੱਕ ਜਨਤਕ ਅੰਦੋਲਨ ਸ਼ੁਰੂ ਕੀਤਾ ਜਾਵੇਗਾ ਜਿਸਦੀ ਸਾਰੀ ਜ਼ਿੰਮੇਵਾਰੀ ਪ੍ਰਸ਼ਾਸਨ ਅਤੇ ਸਰਕਾਰ ਦੀ ਹੋਵੇਗੀ। ਇਸ ਮੌਕੇ ਵਿਸ਼ਵਕਰਮਾ ਸਿੱਖੀਆ ਸੁਸਾਇਟੀ ਦੇ ਮੁਖੀ ਪਵਨ ਧੀਮਾਨ, ਸ੍ਰੀ ਰਾਮਲੀਲਾ ਕਮੇਟੀ 812 ਦੇ ਜਨਰਲ ਸਕੱਤਰ ਦਿਨੇਸ਼ ਵੈਸ਼ਨਵ, ਸੁਮਿਤ ਸ਼ਰਮਾ, ਖੱਤਰੀ ਸਭਾ ਤੋਂ ਰਾਜਕੁਮਾਰ ਮਹੇਂਦਰੂ, ਸ੍ਰੀ ਸ਼ਾਰਦਾ ਮਾਤਾ ਪਰਿਵਾਰ ਤੋਂ ਰਾਕੇਸ਼ ਮਹਿਤਾ, ਸ੍ਰੀ ਸੋਹਨ ਲਾਲ ਧੀਮਾਨ, ਸਨਾਤਨੀ ਮੁਖੀ ਨਰਿੰਦਰ ਮੋਹਨ ਸ਼ਰਮਾ, ਸ੍ਰੀ ਗਿਰਜਾ ਕੁਮਾਰ ਸ਼ਰਮਾ, ਸ੍ਰੀ ਯੋਗੇਸ਼ ਅਤਰੀ, ਐਸਬੀਪੀ ਹਾਊਸਿੰਗ ਸੁਸਾਇਟੀ ਤੋਂ ਅਸ਼ੋਕ ਕੁਮਾਰ, ਪ੍ਰਜਾਪਤੀ ਸਭਾ ਤੋਂ ਸੋਹਣ ਲਾਲ, ਘਨਸ਼ਿਆਮ ਜੀ, ਬੀਰਬਲ ਜੀ, ਅਤੇ ਵੱਡੀ ਗਿਣਤੀ ਵਿੱਚ ਸਾਰੀਆਂ ਜਾਤੀਆਂ ਦੇ ਲੋਕ ਮੌਜੂਦ ਸਨ।

14 ਫਰਵਰੀ ਨੂੰ ਸ਼੍ਰੀ ਸ਼ਿਵ ਮੰਦਰ, ਬੰਸੀ ਨਗਰ ਤੋਂ ਇੱਕ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਵੇਗਾ: ਡਾ. ਰਮਨ ਘਈ

ਨਗਰ ਕੀਰਤਨ ਦੀਆਂ ਤਿਆਰੀਆਂ ਅਤੇ ਵਲੰਟੀਅਰਾਂ ਨੂੰ ਡਿਊਟੀਆਂ ਸੌਂਪਣ ਸੰਬੰਧੀ ਮੀਟਿੰਗ ਹੋਈ

ਹੁਸ਼ਿਆਰਪੁਰ (ਤਰਸੇਮ ਦੀਵਾਨਾ) - ਬੰਸੀ ਨਗਰ ਵੈਲਫੇਅਰ ਸੋਸਾਇਟੀ ਦੀ ਇੱਕ ਮੀਟਿੰਗ ਡਾ. ਰਮਨ ਘਈ ਦੀ ਅਗਵਾਈ ਹੇਠ ਸ਼ਿਵ ਮੰਦਰ, ਬੰਸੀ ਨਗਰ ਵਿਖੇ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਬੰਸੀ ਨਗਰ ਨਿਵਾਸੀਆਂ ਨੇ ਸ਼ਿਰਕਤ ਕੀਤੀ। ਮਹਾਂਸ਼ਿਵਰਾਤਰੀ ਦੇ ਤਿਉਹਾਰ 'ਤੇ 14 ਫਰਵਰੀ ਨੂੰ ਕੱਢੀ ਜਾਣ ਵਾਲੀ ਜਲੂਸ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਡਾ. ਰਮਨ ਘਈ ਨੇ ਦੱਸਿਆ ਕਿ ਇਸ ਸਾਲ, ਸ਼੍ਰੀ ਸ਼ਿਵਰਾਤਰੀ ਅਤੇ ਤਿਉਹਾਰ ਕਮੇਟੀ ਸ਼ਿਵ ਮੰਦਰ, ਬੰਸੀ ਨਗਰ ਤੋਂ ਇੱਕ ਵਿਸ਼ਾਲ ਅਤੇ ਵਿਸ਼ਾਲ ਜਲੂਸ ਕੱਢ ਰਹੀ ਹੈ ਅਤੇ ਮੰਦਰ ਨੇ ਪਹਿਲਾਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਤਿਆਰੀਆਂ ਦੀ ਸਮੀਖਿਆ ਕਰਦੇ ਹੋਏ ਅਤੇ ਵਲੰਟੀਅਰਾਂ ਨੂੰ ਡਿਊਟੀਆਂ ਸੌਂਪਦੇ ਹੋਏ, ਡਾ. ਰਮਨ ਘਈ ਨੇ ਖੁਸ਼ੀ ਪ੍ਰਗਟ ਕੀਤੀ ਕਿ ਮੰਦਰ ਨੂੰ ਮਹਾਸ਼ਿਵਰਾਤਰੀ ਦੇ ਮੌਕੇ 'ਤੇ ਸੇਵਾ ਕਰਨ ਦਾ ਇਹ ਸੁਭਾਗ ਅਤੇ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਹ ਜਲੂਸ ਮੰਦਰ ਤੋਂ ਸ਼ੁਰੂ ਹੋਵੇਗਾ ਅਤੇ ਭਰਵਾਈ ਅੱਡਾ, ਸੈਸ਼ਨ ਚੌਕ, ਸਰਕਾਰੀ ਕਾਲਜ ਚੌਕ, ਫਗਵਾੜਾ ਚੌਕ (ਸ਼੍ਰੀ ਰਾਮ ਚੌਕ), ਸਮੂਹ ਬਾਜ਼ਾਰਾਂ ਵਿੱਚੋਂ ਲੰਘੇਗਾ, ਫਿਰ ਰੇਲਵੇ ਰੋਡ ਰਾਹੀਂ, ਦੁਬਾਰਾ ਸੈਸ਼ਨ ਚੌਕ ਜਾਵੇਗਾ ਅਤੇ ਇੱਥੋਂ ਸ਼ਿਵ ਮੰਦਰ ਬੰਸੀ ਨਗਰ ਪਹੁੰਚੇਗਾ ਅਤੇ ਉੱਥੇ ਆਰਾਮ ਕਰੇਗਾ। ਉਨ੍ਹਾਂ ਕਿਹਾ ਕਿ ਇਸ ਲਈ ਵਲੰਟੀਅਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਡਾ. ਘਈ ਨੇ ਕਿਹਾ ਕਿ ਇਸ ਮੌਕੇ ਸਵੇਰ ਦੇ ਜਲੂਸ ਕੱਢੇ ਗਏ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਸ਼ੋਭਾ ਯਾਤਰਾ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਜਗਦੀਸ਼ ਮਿਨਹਾਸ, ਅਸ਼ੋਕ ਗੋਲਡੀ ਬਿੱਲਾ, ਦੇਸ ਰਾਜ ਠਾਕੁਰ, ਹਰੀਸ਼ ਬੇਦੀ, ਮੋਹਿਤ ਸੰਧੂ, ਰਾਜ ਕੁਮਾਰ, ਪ੍ਰਿੰਸ ਕੁਮਾਰ, ਵਿਨੀਤ ਪਟਿਆਲ, ਅਮਿਤ ਪਟਿਆਲ, ਵਿਕਰਾਂਤ ਸ਼ਰਮਾ, ਪ੍ਰਦੀਪ ਸ਼ਾਹ, ਲੱਕੀ ਢੀਂਗਰਾ, ਰਾਜਾ, ਰਾਜ ਕੁਮਾਰ ਬਿੱਲਾ, ਸਲੋਚਾ, ਅਮਨ, ਸਿੰਮੀ, ਚੰਚਲ, ਅਨੀਤਾ, ਪ੍ਰੀਤੀ, ਰਿਤੂ ਘਈ, ਕ੍ਰਿਸ਼ਨਾ, ਰਾਕੇਸ਼, ਵਿਜੇ, ਕਾਂਤਾ, ਰਾਜ, ਵਿਜੇ, ਲਕਸ਼ਮੀ, ਸਵਿਤਾ, ਕਮਲ ਨੂਰੀ, ਦੀਕਸ਼ਾ, ਨਿਸ਼ਾ, ਸੀਮਾ, ਪਿੰਕੀ, ਸ਼ਸ਼ੀ, ਰਾਣੀ, ਭਾਰਤੀ ਅਤੇ ਹੋਰ ਮੌਜੂਦ ਸਨ।

ਫੋਟੋ ਅਜਮੇਰ ਦੀਵਾਨਾ

ਸ਼ਾਨੋ ਸ਼ੋਕਤ ਨਾਲ ਸੰਪੰਨ ਹੋਇਆ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ

● ਮੇਲੇ ਦੇ ਆਖਰੀ ਦਿਨ ਲੋਕਾਂ ਨੇ ਸਵੈ ਸਹਾਇਤਾਂ ਸਮੂਹ ਵਲੋਂ ਤਿਆਰ ਕੀਤੇ ਉਤਪਾਦਨਾਂ ਦੀ ਖਰੀਦ ਕਰਕੇ ਮਹਿਲਾ ਸ਼ਕਤੀਕਰਨ ਵਿੱਚ ਪਾਇਆ ਯੋਗਦਾਨ

● ਪੰਜਾਬ ਸਰਕਾਰ ਮਹਿਲਾਵਾਂ ਨੂੰ ਬਰਾਬਰੀ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ*

ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ) ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਤੇ ਉਦਯੋਗ ਅਤੇ ਵਣਜ ਵਿਭਾਗ ਵੱਲੋਂ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਸਥਾਨਿਕ ਆਈ.ਟੀ.ਆਈ ਦੀ ਗਰਾਊਂਡ ਵਿਖੇ ਚੱਲ ਰਿਹਾ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ ਸ਼ਾਨੋ ਸ਼ੋਕਤ ਨਾਲ ਸੰਪੰਨ ਹੋਇਆ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲਗਾਏ ਗਏ ਮੇਲੇ ਦੇ ਆਖਰੀ ਦਿਨ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ, ਚੇਅਰਮੈਨ ਨਗਰ ਸੁਧਾਰ ਟਰੱਸਟ ਸਤਨਾਮ ਸਿੰਘ ਜਲਵਾਹਾ, ਵਾਈਸ ਚੇਅਰਮੈਨ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਲਲਿਤ ਮੋਹਨ ਪਾਠਕ, ਚੇਅਰਮੈਨ ਮਾਰਕੀਟ ਕਮੇਟੀ ਗਗਨ ਅਗਨੀਹੋਤਰੀ ਨੇ ਸ਼ਿਰਕਤ ਕੀਤੀ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਦੱਸਿਆ ਕਿ ਇਹ ਤਿੰਨ ਰੋਜ਼ਾ ਮੇਲਾ 5 ਫਰਵਰੀ ਨੂੰ ਸ਼ੁਰੂ ਹੋਇਆ ਸੀ ਜਿਸ ਦਾ ਲੋਕਾਂ ਵੱਲੋਂ ਵਧੀਆ ਹੁੰਗਾਰਾ ਭਰਿਆ ਗਿਆ ਹੈ। ਲੋਕਾਂ ਨੇ ਮੇਲੇ ਵਿੱਚ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਮਹਿਲਾਵਾਂ ਨੂੰ ਆਤਮਨਿਰਭਰ ਬਣਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੇਲੇ ਵਿੱਚ 58 ਦੇ ਕਰੀਬ ਵੱਖ-ਵੱਖ ਸਵੈ ਸਹਾਇਤਾ ਸਮੂਹ ਵੱਲੋਂ ਸਟਾਲ ਲਗਾਏ ਗਏ ਸਨ। ਜਿਸ ਵਿੱਚ ਘਰੇਲੂ ਸਮੱਗਰੀ ਸਮਾਨ, ਹੱਥੀ ਬਣਾਏ ਘਰੇਲੂ ਸਾਜੋ ਸਮਾਨ ਅਤੇ ਆਰਗੈਨਿਕ ਉਤਪਾਦ, ਆਚਾਰ, ਮੁਰੱਬੇ ਅਤੇ ਜੈਮ ਸਟਾਲ, ਮਹਿੰਦੀ, ਪਰਫਿਊਮ, ਕੈਂਡਲ ਸਟਾਲ, ਸਭਿਆਚਾਰਕ ਪ੍ਰੋਗਰਾਮ, ਨੇਲ ਆਰਟ, ਬੱਚਿਆਂ ਲਈ ਝੂਲੇ, ਨੌਜਵਾਨਾਂ ਲਈ ਟੈਟੂ ਆਰਟ, ਲਾਈਵ ਸਕੈਚਿੰਗ ਅਤੇ ਲਾਈਵ ਫੂਡ ਸਟਾਲਾਂ ਲਗਾਏ ਗਏ ਸਨ। ਉਨ੍ਹਾਂ ਕਿਹਾ ਕਿ ਸਵੈ ਸਹਾਇਤਾ ਸਮੂਹ ਨੂੰ ਇਸ ਮੇਲੇ ਦਾ ਕਾਫ਼ੀ ਫਾਇਦਾ ਹੋਵੇਗਾ ਅਤੇ ਉਨ੍ਹਾਂ ਨੂੰ ਆਪਣਾ ਕਾਰੋਬਾਰ ਵਧਾਉਣ ਵਿੱਚ ਮਦਦ ਮਿਲੇਗੀ।

ਚੇਅਰਮੈਨ ਨਗਰ ਸੁਧਾਰ ਟਰੱਸਟ ਸਤਨਾਮ ਸਿੰਘ ਜਲਵਾਹਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਹਿਲਾ ਸ਼ਕਤੀਕਰਨ ਨੂੰ ਬੜਾਵਾ ਦੇਣ ਲਈ ਸੂਬੇ ਅੰਦਰ ਪੰਜਾਬ ਸਖੀ ਸ਼ਕਤੀ ਮੇਲੇ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਔਰਤਾਂ ਨੂੰ ਬਰਾਬਰੀ ਦਾ ਹੱਕ ਦੇਣ ਲਈ ਪੂਰੇ ਪੰਜਾਬ ਅੰਦਰ ਸਖੀ ਸ਼ਕਤੀ ਨੂੰ ਕਾਮਯਾਬ ਕਰਨ ਲਈ ਪਿੰਡ ਵਿੱਚ ਸਵੈ ਸਹਾਇਤ ਗਰੁੱਪ ਚਲਾਏ ਜਾ ਰਹੇ ਹਨ ਅਤੇ ਇਨ੍ਹਾਂ ਗਰੁੱਪਾਂ ਵੱਲੋਂ ਆਪਣੀ ਹੱਥੀ ਤਿਆਰ ਕੀਤੇ ਗਏ ਉਤਪਾਦਨਾਂ ਦੀ ਵਿਕਰੀ ਲਈ ਮੰਚ ਪ੍ਰਦਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮੇਲੇ ਵਿੱਚ ਜਿੰਨੇ ਵੀ ਸਟਾਲ ਲੱਗੇ ਹਨ, ਉਹ ਸਾਰੇ ਸਟਾਲ ਸਾਡੀਆਂ ਭੈਣਾ ਵੱਲੋਂ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਇਸ ਮੇਲੇ ਦਾ ਮੁੱਖ ਮਕਸਦ ਔਰਤਾਂ ਨੂੰ ਕਾਮਯਾਬ ਬਣਾਉਣ ਤਾਂ ਜੋ ਉਹ ਆਪਣੀ ਆਮਦਨ ਵਿੱਚ ਵਾਧਾ ਕਰਕੇ ਆਪਣੇ ਪਰਿਵਾਰ ਨੂੰ ਵਧੀਆਂ ਢੰਗ ਨਾਲ ਅੱਗੇ ਲੈ ਕੇ ਜਾ ਸਕਣ। ਵਾਈਸ ਚੇਅਰਮੈਨ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਲਲਿਤ ਮੋਹਨ ਪਾਠਕ ਨੇ ਕਿਹਾ ਕਿ ਪੰਜਾਬ ਸਰਕਾਰ ਮਹਿਲਾਵਾਂ ਨੂੰ ਬਰਾਬਰੀ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਅੱਗੇ ਵੀ ਇਸ ਤਰ੍ਹਾਂ ਹੋਰ ਵੀ ਮੇਲੇ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਮਹਿਲਾਵਾਂ ਨੂੰ ਰੋਜ਼ਗਾਰ ਦੇਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਪਿੰਡਾਂ ਵਿੱਚ ਮਹਿਲਾਵਾਂ ਦੇ ਛੋਟੇ-ਛੋਟੇ ਸਵੈ ਸਹਾਇਤ ਸਮੂਹ ਬਣਾ ਕੇ ਮਹਿਲਾਵਾਂ ਨੂੰ ਵਪਾਰ ਕਰਨ ਦੇ ਤਰੀਕਿਆਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਅਤੇ ਇਨ੍ਹਾਂ ਨੂੰ ਕਾਮਯਾਬ ਕਰਨ ਲਈ ਪੰਜਾਬ ਸਰਕਾਰ ਵੱਲੋਂ ਪੰਜਾਬ ਸਖੀ ਸ਼ਕਤੀ ਮੇਲੇ ਲਗਾਏ ਜਾ ਰਹੇ ਹਨ। ਮੇਲੇ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨ ਵਾਲੇ ਵੱਖ-ਵੱਖ ਬੱਚਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਮੇਲੇ ਵਿੱਚ ਛੋਟੇ ਬੱਚਿਆਂ ਦੇ ਲਗਾਏ ਗਏ ਝੂਲੇ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਇਸ ਮੌਕੇ 'ਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨਿਧੀ ਸਿਨਹਾ ਵੀ ਹਾਜ਼ਰ ਸਨ।

ਸਰਕਾਰੀ ਸਹੂਲਤਾਂ ਤੋਂ ਵਾਂਝੇ ਕੰਪਿਊਟਰ ਅਧਿਆਪਕ 14 ਫਰਵਰੀ ਨੂੰ ਵਿੱਤ ਮੰਤਰੀ ਦੀ ਕੋਠੀ ਦਾ ਕਰਨਗੇ ਘਿਰਾਓ

"ਗੈਰ-ਵਿੱਦਿਅਕ ਕੰਮਾਂ ਲਈ ਸਰਕਾਰੀ ਟੈਗ ,ਪਿਕਟਸ ਸੁਸਾਇਟੀ ਹਵਾਲੇ ਦੇ ਕੇ ਰੱਖਿਆ ਵਿੱਤੀ ਅਤੇ ਵਿਭਾਗੀ ਸਹੂਲਤਾਂ ਤੋਂ ਵਾਂਝੇ।''

ਹੁਸ਼ਿਆਰਪੁਰ, (ਤਰਸੇਮ ਦੀਵਾਨਾ) - ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਵਲੋਂ 14 ਫਰਵਰੀ 2026 ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਕੋਠੀ ਦਾ ਘਿਰਾਓ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨਤਾਰਨ ਦੀ ਅਗਵਾਈ ਹੇਠ ਕੀਤਾ ਜਾਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਕ ਬੁੱਲੋਵਾਲ ਵਿਖੇ ਹੋਈ ਇਕ ਹੰਗਾਮੀ ਮੀਟਿੰਗ ਦੌਰਾਨ ਕੰਪਿਊਟਰ ਅਧਿਆਪਕ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਅਨਿਲ ਐਰੀ, ਰਣਦੀਪ ਕੁਮਾਰ ਬਲਾਕ ਪ੍ਰਧਾਨ ਬੁਲੋਵਾਲ ਅਤੇ ਰਵਿੰਦਰ ਸਿੰਘ ਜਿਲ੍ਹਾ ਪ੍ਰਧਾਨ ਨੇ ਕੀਤਾ। ਉਨਾਂ ਨਹੀਂ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਲਗਾਤਾਰ ਮੰਨਣ ਦੀ ਬਜਾਏ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਦਾ ਸਮੁੱਚੇ ਕੰਪਿਊਟਰ ਅਧਿਆਪਕ ਕਾਡਰ ਵਿੱਚ ਰੋਸ ਪਾਇਆ ਜਾ ਰਿਹਾ ਹੈ ਅਤੇ ਕੰਪਿਊਟਰ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਹੋਣ ਦੇ ਬਾਵਜੂਦ ਵੀ ਬਣਦੇ ਸਾਰੇ ਲਾਭਾਂ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ। ਉਹਨਾਂ ਨਹੀਂ ਸਰਕਾਰ ਤੇ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਉਪਰੰਤ ਪਿਛਲੇ ਚਾਰ ਸਾਲਾਂ ਵਿੱਚ ਲਗਭਗ 80 ਦੇ ਕਰੀਬ ਮੀਟਿੰਗਾਂ ਸਬ-ਕਮੇਟੀ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਿੱਖਿਆ ਅਤੇ ਵਿੱਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਯੂਨੀਅਨ ਦੀਆਂ ਹੋ ਚੁੱਕੀਆਂ ਹਨ, ਜਿਹਨਾਂ ਵਿੱਚ ਜੱਥੇਬੰਦੀ ਦੇ ਪੱਲੇ ਲਾਰਿਆ ਤੋਂ ਸਿਵਾਏ ਕੁਝ ਨਹੀਂ ਪਾਇਆ। ਉਹਨਾਂ ਕਿਹਾ ਕਿ ਭਾਵੇਂ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੇ ਕੰਪਿਊਟਰ ਅਧਿਆਪਕਾਂ ਨੂੰ 2022 ਦੀ ਦੀਵਾਲੀ ਤੇ ਪੂਰਨ ਰੂਪ ਵਿੱਚ ਸਿਵਲ ਸੇਵਾਵਾਂ ਦੇ ਨਿਯਮ ਅਤੇ 6ਵਾਂ ਤਨਖਾਹ ਕਮਿਸ਼ਨ ਦੀਵਾਲੀ ਤੋਂ ਪਹਿਲਾ ਲਾਗੂ ਕਰਨ ਦਾ ਐਲਾਨ ਅਖ਼ਬਾਰਾਂ, ਸੋਸ਼ਲ ਮੀਡੀਆ ਅਤੇ ਆਪਣੀ ਆਮ ਆਦਮੀ ਪਾਰਟੀ ਦੇ ਵੱਖ - ਵੱਖ ਮੰਚਾਂ ਕਈ ਵਾਰ ਕੀਤਾ ਜਾ ਚੁੱਕਾ ਹੈ, ਪ੍ਰੰਤੂ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਵੀ ਸਰਕਾਰ ਵੱਲੋਂ ਇਸ ਐਲਾਨ ਨੂੰ ਪੂਰਾ ਨਹੀਂ ਕੀਤਾ ਗਿਆ, ਜਿਸ ਕਾਰਨ ਸੂਬੇ ਦੇ ਸਾਰੇ ਕੰਪਿਊਟਰ ਅਧਿਆਪਕਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਕਾਰਨ ਸੂਬੇ ਦੇ ਸਮੂਹ ਕੰਪਿਊਟਰ ਅਧਿਆਪਕ ਹੁਣ ਸੰਘਰਸ਼ ਕਰਨ ਲਈ ਮਜਬੂਰ ਹਨ। ਉਹਨਾਂ ਕਿਹਾ ਕਿ ਮਾਣਯੋਗ ਹਾਈਕੋਰਟ ਪੰਜਾਬ ਨੇ ਕੰਪਿਊਟਰ ਅਧਿਆਪਕਾਂ ਨੂੰ ਸਰਕਾਰੀ ਮੁਲਾਜਮ ਮੰਨਦੇ ਹੋਏ ਇਹਨਾਂ ਤੇ ਪੰਜਾਬ ਦੇ ਸਿਵਲ ਸੇਵਾ ਨਿਯਮਾਂ ਨੂੰ ਲਾਗੂ ਕਰਨ ਲਈ ਕਿਹਾ ਗਿਆ ਸੀ, ਪਰ ਪੰਜਾਬ ਸਰਕਾਰ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਆਏ ਕੰਪਿਊਟਰ ਅਧਿਆਪਕਾਂ ਦੇ ਹੱਕ ਵਿੱਚ ਫੈਸਲਾ ਨੂੰ ਲਾਗੂ ਕਰਨ ਦੇ ਬਜਾਏ ਮਾਣਯੋਗ ਸੁਪਰੀਮ ਕੋਰਟ ਵਿਖੇ ਫੈਸਲੇ ਦੇ ਵਿਰੁੱਧ ਚਣੌਤੀ ਦਿੱਤੀ ਗਈ ਹੈ। ਉਹਨਾਂ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਜਲਦ ਤੋਂ ਜਲਦ ਕੰਪਿਊਟਰ ਅਧਿਆਪਕਾਂ ਦੇ ਮਸਲੇ ਹੱਲ ਕਰਕੇ ਲਾਗੂ ਨਹੀਂ ਕਰਦੀ ਤਾਂ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਵਲੋਂ ਪੰਜਾਬ ਸਰਕਾਰ ਦੇ ਰਾਜਸੀ ਸਮਾਗਮਾਂ ਵਿੱਚ ਪਹੁੰਚ ਕੇ ਪੰਜਾਬ ਸਰਕਾਰ ਦਾ ਕੰਪਿਊਟਰ ਅਧਿਆਪਕ ਅਤੇ ਲੋਕ ਵਿਰੋਧੀ ਚਿਹਰਾ ਨੰਗਾ ਕੀਤਾ ਜਾਵੇਗਾ। ਉਹਨਾਂ ਦੀ ਦੱਸਿਆ ਕਿ ਜੱਥੇਬੰਦੀ ਵਲੋਂ 14 ਫਰਵਰੀ ਨੂੰ ਸੰਗਰੂਰ ਵਿਖੇ ਹਰਪਾਲ ਸਿੰਘ ਚੀਮਾ -ਵਿੱਤ ਮੰਤਰੀ ਪੰਜਾਬ ਦੀ ਕੋਠੀ ਘਿਰਾਓ ਕੀਤਾ ਜਾਵੇਗਾ । ਜਿਸ ਦੀ ਪੂਰਨ ਰੂਪ ਵਿੱਚ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਜੱਥੇਬੰਦੀ ਦੇ ਆਗੂਆ ਨੇ ਸਪੱਸਟ ਕੀਤਾ ਕਿ 14 ਫਰਵਰੀ 2026 ਦੀ ਰੈਲੀ ਦੌਰਾਨ ਸੂਬਾ ਕਮੇਟੀ, ਜਿਲ੍ਹਾ ਕਮੇਟੀਆਂ ਅਤੇ ਪੰਜਾਬ ਦੇ ਸਾਰੇ ਕੰਪਿਊਟਰ ਅਧਿਆਪਕ ਸਾਮਿਲ ਹੋਣਗੇ । ਇਸ ਮੌਕੇ ਨਰੇਸ਼ ਕੁਮਾਰ ਨੰਦਾਚੌਰ, ਰਾਜਵਿੰਦਰ ਸਿੰਘ ਸ਼ਾਹੀ, ਸੁਰਜੀਤ ਸਿੰਘ, ਨਰਿੰਦਰਪਾਲ ਸਿੰਘ, ਅਵਤਾਰ ਸਿੰਘ, ਗੁਰਵਿੰਦਰ ਕੁਮਾਰ, ਨਰੇਸ਼ ਕੁਮਾਰ ਸ਼ੇਰਪੁਰੀਆ, ਕੁਲਦੀਪ ਸਿੰਘ,ਚਰਨਜੀਤ ਸਿੰਘ, ਜਤਿੰਦਰ ਕੌਰ, ਜਸਪ੍ਰੀਤ ਕੌਰ, ਰੈਨੂੰ ਬਾਲਾ, ਪਰਮਜੀਤ ਕੌਰ, ਵੰਦਨਾ, ਮਨਿੰਦਰ ਕੌਰ, ਰਵਿੰਦਰ ਕੌਰ, ਗੁਰਬਖਸ਼ ਕੌਰ ਪੱਜੋਦਿਤਾ ਸੂਸ, ਗੁਰਬਖਸ਼ ਕੌਰ ਬੀਰਮਪੁਰ, ਕਰਮਜੀਤ ਕੌਰ, ਵੰਦਨਾ ਕਲਿਆਣ, ਦਲਵਿੰਦਰਪ੍ਰੀਤ ਕੌਰ, ਪੁਨੀਤ ਸੈਣੀ ਆਦਿ ਹਾਜ਼ਰ ਸਨ। ਫੋਟੋ ਅਜਮੇਰ ਦੀਵਾਨਾ

ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005 (2 Awards) BSYA

ਰੋਜ਼ ਕਿਸੇ ਵੀ ਤਰ੍ਹਾਂ ਦਾ ਹੋਏ ਜਾਂ ਹੋਏ ਰੋਗ ਦੀ ਸ਼ੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੱਕ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਗੋਹ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਲਸੇਜ, ਅੱਗਾ ਦਿੱਚ ਪਾਣੀ ਭਰਨਾ, ਚੁੱਕ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁੱਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫੇਦ ਹੋ ਜਾਣਾ, ਗੰਜ, ਚਿਹਰੇ ਤੇ ਛੋਲਾਪਣ (Alopecia), ਚੇਹਰੇ ਦੇ ਮੁਹਾਸੇ (Acne), ਝਿਲਮੀ, ਛਿਹਰੀ (Pigmentation), ਚੁਗਲੀਆਂ ਅਤੇ ਸ਼ਾਦੀਆ, ਦੰਦਾਂ ਦਾ ਦਰਦ, ਮਸੂੜਿਆਂ ਵਿੱਚੋਂ ਖੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਵਿੱਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਖੂਨ ਦੀ ਬੀਮਾਰੀਆਂ, ਮਲਦੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖੂਨ ਆਉਣਾ, ਗੁਰਦੇ ਵਿੱਚ ਪੱਥਰੀ, ਚੱਕਰ (Vertigo), ਪਰਾਬ-ਨੀਂਦ, ਖਬਤਰੀਕਾਰ (Anaemia), ਭਾਰ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਢਾਲਪਣ ਅਤੇ ਬੇਚੈਨੀ (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਓ) £13

TONICS - 1) ਸ਼ਰੀਰਕ ਸ਼ਕਤੀ ANAEMIA, ਖੂਨ ਦੇ ਘੱਟ ਜੰਗਣ, ਸ਼ਰਮੀਕਲ ਅਪ੍ਰੇਸ਼ਨ ਜੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਣ, ਉਦਾਸੀ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1)	ਮਰਦਾਨਾ ਤਾਕਤ ਦਾ ਫੈਲਾਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
2)	ਚੁਸਤਪਣ ਦਾ ਮੁਨਿਹਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
3)	ਧਾਤ ਲਈ (ਵੀਰਜ ਨੂੰ ਗਾੜਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ	£40
4)	ਲੰਮੇ ਸਮੇਂ ਤੋਂ ਹੱਥ ਕਾਮੀ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ	£35
5)	ਗਲਤਫਹਮੀਆਂ ਕਾਰਨ ਜਿੰਗ ਕਮਜ਼ੋਰ, ਠੰਢਾ, ਟੇਢਾ ਅਤੇ ਛੋਟਾ- ------- 1 ਮਹੀਨੇ ਦੀ ਕੀਮਤ	£35
6)	ਨਲਿਆਂ ਕਾਰਨ ਸ਼ਰੀਰਕ ਫੈਲਾਵੇ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ	£30
7)	ਸ਼ੁਗਰ/ਸ਼ੂਗਰ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ	£25
8)	ਸ਼ਰੀਰਕ ਅਤੇ ਜਿੰਗ ਦੀਆਂ ਨਸਾਂ ਦੀ ਕਮਜ਼ੋਰੀ ਲਈ ਤੇਲ- -------- 1 ਮਹੀਨੇ ਦੀ ਕੀਮਤ	£25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆਂ (AZOOSPERMIA), ਜਦੋਂ ਵੀਰਜ ਵਿਚਲੇ ਸਪਰਮ ਕਮਜ਼ੋਰ, ਬਰਦਾਸ਼ਤੀਨ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪੇਸ਼ਾਬ ਆਉਣ ਅਤੇ ਕਰਦੇ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਰੋਗੀ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਰੋਗੀ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਜਿੰਗ ਉਤੇ ਸਖਤ ਜ਼ਖਮ, SPERMATIC ਰੋਗੀ ਦੀਆਂ ਜਫਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਕਠਨਾਹ ਵਰਗੇ ਹੋਰ ਕਈ ਬੀਮਾਰੀਆਂ ਦਾ ਇਲਾਜ ਵੀ ਅਸੀਂ ਹਾਸਲੀਕਾਰ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਰੋਜ ਨਾਲ ਆਉਣਾ ਜਾਂ ਬਹੁ ਮਾਤਰਾ ਵਿਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਕਦਰ (ਚਰਿਤ ਪਾਣੀ), ਛਾਤੀਆਂ ਦਾ ਸੁੱਜਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਵਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾ ਡੰਡੀਆਂ ਤੇ ਚੀਰ, ਛਾਤੀਆਂ ਵਿੱਚ ਗੱਠੜੀ, ਦੁੱਧ ਛੋਣਾ, ਬੱਚੇਦਾਨੀ (Uterus) ਵਿਚੋਂ ਵਾਯੂ ਦਾ ਸਰਨਾ (Physometra) ਜਾਂ ਬੱਚੇਦਾਨੀ ਖੁਲ੍ਹ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿੱਚ ਗਲੰਜੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਵਿੱਚ ਡਾਲੇ (Ovarian Cysts), ਯੋਨੀ ਦੀ ਇਕਦਮਵਰ ਸੁੰਕੜੁਤਾ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾਂ ਦੀ ਖੁਜਲੀ (Pruritis), ਜਣਨ ਅੰਗਾਂ ਵਿੱਚ ਫੁਟਕੇ ਅਤੇ ਫਟਵਰ, ਜਿੰਗ ਭੋਗ ਸਮੇਂ ਸੁਖਾਦ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE. MRS. JASWINDER KAUR KHANBA BSYA. (HOM.), (A.P.) AND (NUTRI.)

ਔਰਤਾਂ ਲਈ ਖੁਸ਼ਬਤੀ ਭੋਹਬੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਾਵਰ ਪੰਫਲਟ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾ (PIGMENTATION WHITE SPOTS) ਦਾ ਖੁਸ਼ਬਤੀ ਸਫ਼ਾਇਆ ਕਰਦੀ ਹੈ - ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬੱਚਿਆਂ ਦੀ ਪੈਦਾਇਸ਼ ਅਤੇ ਦੁੱਧ ਚੁਆਉਣ ਕਾਰਣ ਔਰਤਾਂ ਦੀਆਂ ਖਿੱਚੀਆਂ ਹੋਈਆਂ ਛਾਤੀਆਂ ਨੂੰ ਸ਼ੇਪ ਕਰਕੇ ਸਹੀ PROPER SHAPE ਦਿੰਦੀ ਹੈ - **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਫੁਰਤੀ ਅਤੇ ਚੁਸਤੀ ਪਾਉਂਦੀ ਹੈ । ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਢਿੱਡ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਦਾਰ ਕਰਦੀ ਹੈ - **£69**

ਨੁਸਖਾ ਨੰਬਰ 5 (IN CAPSULES) ਔਰਤਾਂ ਵਿਚ ਘਟੀ ਹੋਈ ਕਾਮ-ਵਾਸ਼ਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਪੈਦਾ ਕਰਦੀ ਹੈ । A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖੁਸ਼ਕੀ ਅਤੇ ਸਖਤ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸ਼ਨਾ 'ਚ ਵਾਧਾ ਕਰਕੇ ਖੁਸ਼ਗਵਾਰੀ ਅਨੰਦ ਪ੍ਰਦਾਨ ਕਰਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਵਿਚ CALCIUM ਦੀ ਘਾਟ ਕਾਰਣ ਪਾਣੀਹੀਨਾ ਹੱਡੀਆਂ ਦੀਨਾ ਬਰਕਲੀਫ਼ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਚਾਕਣ ਵਾਲਾ ਮੋਟਾ ਚੀਜ਼ਾਂ ਦਵਾਈ ਨੂੰ ਸ਼ਰਨ ਕਰਕੇ ਦੂਰ ਕਰਦੀ ਹੈ - **£59**

ਨੁਸਖਾ ਨੰਬਰ 9 (IN CAPSULES) ਬਹੁ ਵਧੀ ਉਮਰ ਵਿਚ ਘਟ ਵਧੀ ਹਾਰਮੋਨਸ ਲਈ ਇਹ ਇਕ ਅਜ਼ੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਰਾਵਾ ਨੂੰ ਦੂਰ ਕਰਕੇ ਚੰਗਵਾਤੀ ਅਤੇ ਸ਼ਾਨਦਾਰ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------- **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਗਰਮਾਤੀਆਰਾ, ਮੁਖ ਦੀ ਬਲੀ (ANAEMIA) ਵਿਚ ਬਲੀਰ ਅਤੇ ਸੋਹਣੇ ਚਹਿਰਾ ਦੀ ਪੁਰਾਣੀ ਰਾਕਤ ਬਾਕਣੀ ਨੂੰ ਦੂਰ ਕਰਦੀ ਹੈ ---------- **£49**

ਮਰਦਾਂ ਲਈ ਖੁਸ਼ਬਤੀ ਭੋਹਬੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਖ਼ੋਹਨਾ ਖਾਸ ਮੌਕਿਆਂ (SPECIAL OCCASIONS) ਤੇ ਮਾਰਾ ਨੂੰ ਆਪਣੀ ਮਰਜ਼ਾਨਗੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਰਦ ਦੀ ਮਰਜ਼ਾਨਗੀ ਨੂੰ ਰੋਕਣ (ਘਟੇ ਪੈਣ) ਖਿਲਾਫ਼ੀ ਮਰਦੀ--- **£89**

ਨੁਸਖਾ ਨੰਬਰ 14 (IN TABLETS): ਬਹਾਦਰੀ ਉਮਰ ਵਿਚ ਮਰਦਾਂ ਨੂੰ ਆਉਣ ਵਾਲਿਆਂ ਪਿਤਾਸ਼ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ ---- **£69**

ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਸਾਰੂ ਵਾਂਗ ਕੰਮ ਕਰਦੇ ਹਨ)

PILAES (IN OINTMENT)	ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਸਤਾ ਖੁਲਾ ਵਿਚ ਖੁਜਲੀ ਅਤੇ ਜਲਨ ਤੋਂ ਆਰਾਮ	£19
NURALACO (IN OINTMENT OR LOTION)	--- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ -----	£19
CHILLAGA (IN OINTMENT OR LOTION)	---ਠੰਢ ਕਾਰਣ ਹੋਣ ਹੋਣ ਵਾਲੀ ਚਮੜੀ ਉਭਰਨ 'ਚ ਦਰਦ ਤੇ ਸਿਰ ਤੋਂ ਆਰਾਮ	£19
ARNSTRA (IN OINTMENT)	------- ਦਰਦ, ਸੋਜ (SPRAINS) ਚੋਟਾਂ ਸੱਟ ਨਾਲ ਹੋਏ ਜਖਮਾਂ ਜਾਂ (BED SORES) ਨੂੰ ਆਰਾਮ	£19
BELINFLA (IN OIL OR OINTMENT)	---ਠੰਡਾ, ਪੱਠਿਆਂ ਅਤੇ ਜੋੜਾਂ ਵਿਚ ਸੋਜ, ਲਾਲੀ ਤੇ ਖਿਚ ਦਰਦ ਨੂੰ ਆਰਾਮ	£19
BELULCE (IN OIL)	---- ਮੋਟ ਸੰਭਾਲ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ----------	£19
BRYJOIN (IN OIL)	-ਜੋੜ ਦਾ ਦਰਦਾ, ਫਾਲ ਬੋਲ ਨਾਲ ਗਲਤਫਹਮ ਵਿਚ ਅਤੇ ਮੋਢਾਂ 'ਚ ਅਕੜਾਹਟ ਨੂੰ ਆਰਾਮ -	£19
CALWOUN (IN OIL OR OINTMENT)	--- ਸੱਟ ਕਾਰਣ ਜਖਮਾਂ ਦੀ ਪੀਕ ਜਾ ਸਹਤ ਜਾਣ ਤੇ ਸਹਤ ਦਰਦਾ ਤੋਂ ਆਰਾਮ -	£19
BURCAN (IN LOTION OR OINTMENT)	--ਚਿਹਰੇ ਦੀ ਚਰਬੀ ਮਸਾਣ ਦੇ ਦਰਦਾ ਅਤੇ ਛਾਲਿਆਂ ਤੋਂ ਸੁਰੱਖਿਆ ਆਰਾਮ ---	£19
ROUTUM (IN OINTMENT)	-- ਸਰੀਰ ਦੇ ਚਿਹਰੇ ਦੀ ਚਿੱਟੇ ਵਿਚ ਕਿਸਟੀਆਂ ਦੀ ਸਿਰ ਅਤੇ ਦਰਦਾ ਤੋਂ ਆਰਾਮ ----	£19
JOINRHU (IN OIL)	-- ਜੋੜਾਂ ਦੇ ਦਰਦਾ, ਸਿਰ ਸੱਟਾਂ ਦਰਦਾ, ਪੱਠਾ ਪੈਣ ਅਤੇ ਰੋਮੇਟਾਇਡ ਬੀਮਾਰੀ ਦੀ ਸਿਰ ਤੋਂ ਆਰਾਮ -	£19
ASSSIL (IN LOTION)	-- ਕਿਸਟੀਆਂ ਦਾ ਛੋਟੇ ਪੱਤਾ ਤੇ ਗਲਤ ਬਣ ਜਾਣ ਦੀ ਹਾਲਤ ਵਿਚ ਸੁਰੱਖਿਆ ਆਰਾਮ ----	£19
ITCSUL (IN OIL)	---- ਸਰੀਰ ਉੱਤੇ ਚਿਹਰੇ ਦੀ ਤਰ੍ਹਾਂ ਦੀ ਖਾਰਸ਼ ਤੋਂ ਆਰਾਮ ----------	£19
WARTHU (IN OIL)	-ਹਰ ਤਰ੍ਹਾਂ ਦੇ ਮੁਸਕੜ, ਤਲ, ਸਪੰਜ ਜਾਂ ਚੀਜ਼ੀ ਦੇ ਫੁੱਲ ਵਰਗੀ ਮੁਹਾਸੇ (WARTS) ਤੋਂ ਆਰਾਮ ---	£19

* HOMOEOPATHIC HEALTH CLINIC ਦੇ ਨਾਂ 'ਤੇ ਹੋਰ ਹੋਮਿਓਪੈਥ ਆਰਜ਼ਾਰ ਵਲੋਂ ਫੋਨ ਕਰਨੀ ਬੰਦੇ ! (ਹਰ ਆਰਜ਼ਾਰ ਲਾਭ £10 ਹਿੱਸਿਕ ਤੇ ਹੋਮਟੇਸ਼ਨ ਲਈ)

ਹਰ ਤਰ੍ਹਾਂ ਦੇ ਲਿੰਗਕ ਅਤੇ ਉਦਰਾ ਨਾਲ ਸਰੀਰ 'ਚ ਪਏ ਨੁਕਸ ਤੋਂ ਮੁਕੰਮਲ ਛੁਟਕਾਰਾ ਪੱਕੇ ਸਾਰਣਦਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਮੂਹ ਸਕੂਲਾਂ ਵਿੱਚ ਮਾਪਿਆਂ ਦੀ ਵਰਕਸ਼ਾਪ ਦਾ ਆਯੋਜਨ, ਮਾਪਿਆਂ ਦੀ ਉਤਸ਼ਾਹਪੂਰਨ ਅਤੇ ਭਰਵੀਂ ਸ਼ਮੂਲੀਅਤ

ਸ੍ਰੀ ਮੁਕਤਸਰ ਸਾਹਿਬ, (ਜਸਵਿੰਦਰ ਪਾਲ ਸ਼ਰਮਾ) ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਅੱਜ ਸੂਬੇ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਾਪਿਆਂ ਦੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਹ ਵਰਕਸ਼ਾਪ ਸਕੂਲ ਅਤੇ ਮਾਪਿਆਂ ਦਰਮਿਆਨ ਸਹਿਯੋਗ ਵਧਾਉਣ ਅਤੇ ਬੱਚਿਆਂ ਦੀ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਅਤੇ ਪ੍ਰੀਖਿਆ ਸਮੇਂ ਵਿਦਿਆਰਥੀਆਂ ਨੂੰ ਘਰ ਵਿੱਚ ਉਚਿਤ ਮਾਹੌਲ ਪ੍ਰਦਾਨ ਕਰਨ ਦੇ ਉਦੇਸ਼ ਨਾਲ ਆਯੋਜਿਤ ਕੀਤੀਆਂ ਗਈਆਂ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਇਹ ਵਰਕਸ਼ਾਪਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਯਾਦਵਿੰਦਰ ਸਿੰਘ ਮਾਨ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜਿੰਦਰ ਕੁਮਾਰ ਸੋਨੀ ਦੀ ਯੋਗ ਅਗਵਾਈ ਅਤੇ ਡੀ.ਆਰ.ਸੀ. ਅਕਾਦਮਿਕ ਸਪੋਰਟ ਗਰੁੱਪ ਸ. ਗੁਰਮੇਲ ਸਿੰਘ ਸਾਗੂ ਦੀ ਯੋਗ ਅਗਵਾਈ ਹੇਠ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਸਫਲਤਾਪੂਰਵਕ ਕਰਵਾਈਆਂ ਗਈਆਂ। ਜਸਵਿੰਦਰ ਪਾਲ ਸ਼ਰਮਾ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਅਧਿਕਾਰੀਆਂ ਵੱਲੋਂ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਮਾਪਿਆਂ ਨਾਲ ਸੰਵਾਦ ਰਾਹੀਂ ਬੱਚਿਆਂ ਦੀ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਪ੍ਰੇਰਿਤ ਕੀਤਾ ਗਿਆ। ਵਰਕਸ਼ਾਪ ਦੌਰਾਨ ਮਾਪਿਆਂ ਨੂੰ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਦੇ ਲਈ ਪੜ੍ਹਾਈ ਵਿੱਚ ਸਕੂਲ ਅਤੇ ਮਾਤਾ ਪਿਤਾ ਦੇ ਰੋਲ ਬਾਰੇ

ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਵਰਕਸ਼ਾਪ ਰਾਹੀਂ ਮਾਪਿਆਂ ਨੂੰ ਘਰੇਲੂ ਮਾਹੌਲ ਵਿੱਚ ਬੱਚਿਆਂ ਦੀ ਪੜ੍ਹਾਈ ਨੂੰ ਪ੍ਰੋਤਸਾਹਿਤ ਕਰਨ ਲਈ ਵੀ ਪ੍ਰੇਰਿਤ ਕੀਤਾ। ਮਾਪਿਆਂ ਨੂੰ ਦੱਸਿਆ ਗਿਆ ਕਿ ਬੱਚਿਆਂ ਨਾਲ ਰੋਜ਼ਾਨਾ ਪੜ੍ਹਾਈ ਸੰਬੰਧੀ ਗੱਲਬਾਤ ਕਰਨੀ, ਉਨ੍ਹਾਂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖਣੀ ਅਤੇ ਉਨ੍ਹਾਂ ਨੂੰ ਸਕਾਰਾਤਮਕ ਵਾਤਾਵਰਣ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਬੱਚਿਆਂ ਵਿੱਚ ਸਮਾਜਿਕ ਅਤੇ ਨੈਤਿਕ ਮੁੱਲਾਂ ਨੂੰ ਮਜ਼ਬੂਤ ਬਣਾਉਣ ਲਈ ਮਾਪਿਆਂ ਦੀ ਭੂਮਿਕਾ ਨੂੰ ਵੀ ਉਜਾਗਰ ਕੀਤਾ ਗਿਆ। ਵਰਕਸ਼ਾਪ ਦੌਰਾਨ ਮਾਪਿਆਂ ਨੇ ਖੁੱਲ੍ਹ ਕੇ ਆਪਣੇ ਵਿਚਾਰ ਅਤੇ ਸੁਝਾਅ ਪ੍ਰਸਤੁਤ ਕੀਤੇ। ਕਈ ਮਾਪਿਆਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਨਾਲ ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਸਕੂਲ ਦੀ ਕਾਰਗੁਜ਼ਾਰੀ ਬਾਰੇ ਪੂਰੀ ਜਾਣਕਾਰੀ ਮਿਲਦੀ ਹੈ, ਜਿਸ ਨਾਲ ਉਹ ਬੱਚਿਆਂ ਦੀ ਬਿਹਤਰ ਮਦਦ ਕਰ ਸਕਦੇ ਹਨ। ਮਾਪਿਆਂ ਨੇ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਕਦਮ ਬੱਚਿਆਂ ਦੇ ਚੰਗੇ ਭਵਿੱਖ ਲਈ ਬਹੁਤ ਲਾਭਦਾਇਕ ਸਾਬਤ ਹੋਣਗੇ। ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਬੱਚਿਆਂ ਦੀ ਸਫਲਤਾ ਵਿੱਚ ਮਾਪਿਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ। ਜੇਕਰ ਸਕੂਲ ਅਤੇ ਮਾਪੇ ਮਿਲ ਕੇ ਕੰਮ ਕਰਨ ਤਾਂ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਸੰਭਵ ਹੈ। ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਨਿਯਮਿਤ ਤੌਰ 'ਤੇ ਸਕੂਲ ਭੇਜਣ, ਉਨ੍ਹਾਂ ਦੀ ਪੜ੍ਹਾਈ ਵਿੱਚ ਰੁਚੀ ਬਣਾਈ ਰੱਖਣ ਅਤੇ ਸਕੂਲ ਵੱਲੋਂ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਵਿੱਚ ਹਮੇਸ਼ਾ ਭਾਗ ਲੈਣ। ਇਹ ਮਾਪੇ ਵਰਕਸ਼ਾਪਾਂ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਗੁਣਵੱਤਾ ਭਰੀ ਅਤੇ ਸਮਾਵੇਸ਼ੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਵੱਲ ਇਕ ਮਹੱਤਵਪੂਰਨ ਕਦਮ ਸਾਬਤ ਹੋਈਆਂ ਹਨ। ਇਨ੍ਹਾਂ ਵਰਕਸ਼ਾਪਾਂ ਰਾਹੀਂ ਸਕੂਲਾਂ ਅਤੇ ਮਾਪਿਆਂ ਦਰਮਿਆਨ ਸੰਚਾਰ ਅਤੇ ਸਹਿਯੋਗ ਨੂੰ ਹੋਰ ਮਜ਼ਬੂਤੀ ਮਿਲੀ ਹੈ, ਜਿਸ ਨਾਲ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਨੀਂਹ ਹੋਰ ਮਜ਼ਬੂਤ ਹੋਵੇਗੀ।

ਪਹਿਲਾਂ ਹੀ ਭਰਤੀ ਹੋਏ ਅਧਿਆਪਕਾਂ ਦੀ ਪ੍ਰਮੋਸ਼ਨ ਵਿੱਚ ਟੈੱਟ ਦੀ ਸ਼ਰਤ ਲਾਉਣੀ ਵਿਭਾਗ ਤੇ ਸਰਕਾਰ ਦੀ ਬਦਨੀਤੀ : ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ

ਜੀਟੀਯੂ ਪੰਜਾਬ ਇਸ ਵਿਰੁੱਧ ਵਿੱਢੇਗੀ ਤਿੱਖਾ ਸੰਘਰਸ਼ –ਸੁਖਵਿੰਦਰ ਸਿੰਘ ਚਾਹਲ

ਫਿਲੌਰ/ਅੱਪਰਾ, (ਦੀਪਾ)–ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਮਨੋਹਰ ਲਾਲ ਸ਼ਰਮਾ ਤੇ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਵਿਭਾਗ ਵੱਲੋਂ ਡਾਇਰੈਕਟਰ ਸਕੂਲ ਸਿੱਖਿਆ ਪੰਜਾਬ ਪ੍ਰਮੋਸ਼ਨ ਸੈਲ ਵੱਲੋਂ ਪੱਤਰ ਜਾਰੀ ਕਰਕੇ ਨਾਦਰਸ਼ਾਹੀ ਹੁਕਮ ਜਾਰੀ ਕੀਤਾ ਹੈ ਮਾਸਟਰ ਕਾਡਰ ਦੀਆਂ ਪਦ ਉਨਤੀਆਂ ਵਿੱਚ ਟੀ. ਈ.ਟੀ.ਦੀ ਸ਼ਰਤ ਨੂੰ ਲਾਜ਼ਮੀ ਕਰ ਦਿੱਤਾ ਗਿਆ ਹੈ ਜੋ ਕਿ ਬਿਲਕੁਲ ਗੈਰ ਵਿਗਿਆਨਿਕ ਹੈ ਅਧਿਆਪਕ ਆਗੂਆਂ ਮੰਗ ਕੀਤੀ ਹੈ ਕਿ ਬੀਤੇ ਦਿਨੀਂ ਸਿਖਿਆ ਵਿਭਾਗ ਵਿੱਚ ਮਾਸਟਰ ਕੇਡਰ ਵਿੱਚ ਹੋਈਆਂ ਪ੍ਰਮੋਸ਼ਨਾਂ ਪ੍ਰਾਪਤ ਕਰ ਚੁੱਕੇ ਸਾਰੇ ਅਧਿਆਪਕਾਂ ਨੂੰ ਸਟੇਸ਼ਨ ਚੋਣ ਕਰਵਾ ਕੇ ਜੁਆਇੰਨ ਕਰਵਾਇਆ ਜਾਵੇ। ਓਹਨਾਂ ਕਿਹਾ ਕਿ ਜਿਹੜੇ ਅਧਿਆਪਕ 2011 ਤੋਂ ਪਹਿਲਾਂ ਭਰਤੀ ਹੋਏ ਹਨ, ਓਹਨਾਂ ਤੇ ਟੈੱਟ ਪਾਸ ਕਰਨ ਦੀ ਸ਼ਰਤ ਲਾਗੂ ਕਰਨਾ ਬੇਮਾਇਨੇ ਹੈ, ਜਿਸ ਕਾਰਨ ਬਹੁਤ ਸਾਰੇ ਸੀਨੀਅਰ ਆਧਿਆਪਕ ਤਰੱਕੀ ਤੋਂ ਵਾਂਝੇ ਹੋ ਜਾਣਗੇ, ਓਹਨਾ ਕਿਹਾ ਕਿਉਕਿ ਸਿਖਿਆ ਵਿਭਾਗ ਵਿੱਚ ਟੈੱਟ ਪਾਸ ਕਰਨ ਉਪਰੰਤ ਭਰਤੀਆਂ 2011 ਵਿੱਚ ਹੀ ਸ਼ੁਰੂ ਹੋਈਆਂ ਹਨ ਤੇ ਪਹਿਲੀਆਂ ਭਰਤੀਆਂ ਤੇ ਹੁਣ ਟੈੱਟ ਦੀ ਸ਼ਰਤ ਲਾਗੂ ਨਹੀਂ ਕੀਤੀ ਜਾ ਸਕਦੀ। ਓਹਨਾਂ ਹੋਰ ਕਿਹਾ ਕਿ ਤਰੱਕੀ ਜਾਂ ਪ੍ਰਮੋਸ਼ਨ ਦਾ ਅਰਥ ਤਜ਼ਰਬੇ ਅਤੇ ਲੈਂਥ ਆਫ ਸਰਵਿਸ ਨਾਲ਼ ਹੈ, ।ਸਿਖਿਆ ਵਿਭਾਗ ਪੰਜਾਬ ਮਾਣਯੋਗ ਸੁਪਰੀਮ ਕੋਰਟ ਦੇ ਨਿਯਮਾਂ ਦੀ ਵਿਆਖਿਆ , ਸਿਖਿਆ ਸੁਧਾਰਾਂ ਲਈ ਘੱਟ ਪਰ ਅਧਿਆਪਕਾਂ ਨੂੰ ਤਕਲੀਫ਼ ਦੇਣ ਲਈ ਵੱਧ ਕਰ ਰਿਹਾ ਹੈ, ਜਦਕਿ ਹੋਰ ਬਹੁਤ ਸਾਰੇ ਮਾਨਯੋਗ ਉੱਚ ਅਦਾਲਤਾਂ ਦੇ ਅਧਿਆਪਕ ਪੱਖੀ ਫੈਂਸਲੇ ਲਾਗੂ ਕਰਨ ਤੋਂ ਵੀ ਗੁਰੇਜ਼ ਕੀਤਾ ਜਾ ਰਿਹਾ ਹੈ। ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ ਪੁਰੋਵਾਲ, ਗੁਰਪ੍ਰੀਤ ਸਿੰਘ ਅਮੀਵਾਲ, ਮੀਤ ਪ੍ਰਧਾਨ ਹਰਿੰਦਰ ਮੱਲੀਆਂ,ਰਛਪਾਲ ਸਿੰਘ ਵੜੈਚ,ਗੁਰਦੀਪ ਬਾਜਵਾ ਨੇ ਕਿਹਾ ਕਿ ਪਿਛਲੇ ਦਿਨੀ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਅਧਿਆਪਕ ਜਥੇਬੰਦੀਆਂ ਦੀ ਇਸ ਮਸਲੇ ਤੇ ਮੀਟਿੰਗ ਵੀ ਹੋਈ ਸੀ। ਅਤੇ ਉਨਾਂ ਵੱਲੋਂ ਇਸ ਮਸਲੇ ਦਾ ਸਾਰਥਿਕ ਹੱਲ ਕੱਢਣ ਦਾ ਵਿਸ਼ਵਾਸ ਵੀ ਦਵਾਇਆ ਸੀ ਪਰ ਫਿਰ ਵੀ ਵਿਭਾਗ ਵੱਲੋਂ ਇਸ ਤਰ੍ਹਾਂ ਦਾ ਨਾਦਰਸ਼ਾਹੀ ਪੱਤਰ ਜਾਰੀ ਕਰਨਾ ਸਰਕਾਰ ਅਤੇ ਵਿਭਾਗ ਦੇ ਅਧਿਕਾਰੀਆਂ ਦੀ ਨੀਅਤ ਤੇ ਸਵਾਲੀਆ ਨਿਸ਼ਾਨ ਖੜੇ ਕਰਦਾ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ ਸਰਕਾਰ ਇਸ ਤਰ੍ਹਾਂ ਦਾ ਪੱਤਰ ਤੁਰੰਤ ਵਾਪਸ ਲੈ ਕੇ ਅਧਿਆਪਕਾਂ ਦੀਆਂ ਪ੍ਰਮੋਸ਼ਨਾਂ ਕਰੇ ਅਧਿਆਪਕਾਂ ਤੇ ਇਸ ਤਰ੍ਹਾਂ ਟੀ. ਈ.ਟੀ. ਦੀ ਸ਼ਰਤ ਥੋਪਣਾ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਹਜ਼ਾਰਾਂ ਅਧਿਆਪਕਾਂ ਨੂੰ ਸੰਘਰਸ਼ ਦੇ ਰਸਤੇ ਤੇ ਲੈ ਕੇ ਆਉਣਾ ਹੈ ਅਧਿਆਪਕਾਂ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਇਹੋ ਜਿਹੀਆਂ ਬੇਲੋੜੀਆਂ ਫੈਸਲੇ ਵਾਪਸ ਨਹੀਂ ਲੈਂਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਤਿੱਖੇ ਸੰਘਰਸ਼ ਕੀਤੇ ਜਾਣਗੇ ਇਸ ਸਮੇਂ ਫਤਿਹਗੜ੍ਹ ਸਾਹਿਬ ਤੋਂ ਰਾਜੇਸ਼ ਅਮਲੋਹ , ਰੋਪੜ ਤੋਂ ਧਰਮਿੰਦਰ ਸਿੰਘ ਭੰਗੂ, ਹੁਸ਼ਿਆਰਪੁਰ ਤੋਂ ਪ੍ਰਿਤਪਾਲ ਚੋਟਾਲਾ ਜਸਵੀਰ ਤਲਵਾੜਾ, ਜਲੰਧਰ ਤੋਂ ਸੁਖਵਿੰਦਰ ਮੱਕੜ ਮੋਗਾ ਤੋਂ ਜੱਜਪਾਲ ਬਾਜੇ ਕੇ ,ਗੁਰਦਾਸਪੁਰ ਤੋਂ , ਦਿਲਦਾਰ ਭੰਡਾਲ ਮੁਕਤਸਰ ਸਾਹਿਬ ਤੋਂ ਮਨਜੀਤ ਸਿੰਘ ਬਰਾੜ ਅੰਮ੍ਰਿਤਸਰ ਤੋਂ ਸੁੱਚਾ ਸਿੰਘ ਟਰਪਈ, ਹਰਵਿੰਦਰ ਸਿੰਘ ਸੁਲਤਾਨਵਿੰਡ ਸੰਗਰੂਰ ਤੋਂ ਦੇਵੀ ਦਿਆਲ ,ਸਤਵੰਤ ਆਲਮਪੁਰ, ਬਰਨਾਲਾ ਤੋਂ ਤੇਜਿੰਦਰ ਸਿੰਘ ਤੇਜੀ, ਜਲੰਧਰ ਤੋਂ ਸ੍ਰੀ ਗਣੇਸ਼ ਭਗਤ ਫਿਰੋਜਪੁਰ ਤੋਂ ਰਾਜੀਵ ਹਾਂਡਾ,ਬਲਵਿੰਦਰ ਸਿੰਘ ਭੁੱਟੋ ,ਫਾਜਿਲਕਾ ਤੋਂ ਪਰਮਜੀਤ ਸਿੰਘ ਸੇਰੋਵਾਲ, ਨਿਸ਼ਾਂਤ ਅਗਰਵਾਲ ਪਟਿਆਲਾ ਤੋਂ ਜਸਵਿੰਦਰ ਸਿੰਘ ਸਮਾਣਾ,ਪਰਮਜੀਤ ਪਟਿਆਲਾ ਮਲੇਰਕੋਟਲਾ ਤੋਂ ਨੂਰ ਮੁਹੰਮਦ, ਕਮਲ ਜੈਨ ,ਪਠਾਨਕੋਟ ਤੋਂ ਸੁਭਾਸ਼ ਚੰਦਰ, ਅਮ੍ਰਿਤਪਾਲ ਸਿੰਘ ,ਗੁਰਮੇਲ ਸਿੰਘ ਕੁਰੜੀਆਂ ਮਾਨਸਾ ਤੋਂ ਨਰਿੰਦਰ ਸਿੰਘ ਮਾਖਾ, ਗੁਰਦਾਸ ਸਿੰਘ ਸਿੱਧੂ ਮੁਹਾਲੀ ਤੋਂ ਰਵਿੰਦਰ ਸਿੰਘ ਪੱਪੀ, ਮਨਪ੍ਰੀਤ ਸਿੰਘ,ਕਪੂਰਥਲਾ ਤੋਂ ਸੁਖਚੈਨ ਸਿੰਘ ਬੱਧਣ,ਜੀਵਨਜੋਤ ਮੱਲੀ,ਫਰੀਦਕੋਟ ਤੋਂ ਸਰਬਜੀਤ ਸਿੰਘ ਬਰਾੜ, ਨਵਾਂਸ਼ਹਿਰ ਤੋਂ ਬਿਕਰਮਜੀਤ ਸਿੰਘ, ਲੁਧਿਆਣਾ ਤੋਂ ਜਗਜੀਤ ਸਿੰਘ ਮਾਨ, ਪ੍ਰਭਜੀਤ ਰਸੂਲਪੁਰ,ਤਰਨਤਾਰਨ ਤੋਂ ਸਰਬਜੀਤ ਸਿੰਘ ਸੰਧੂ, ਗੁਰਦੀਪ ਸਿੰਘ ,ਬਠਿੰਡਾ ਤੋਂ ਬਲਦੇਵ ਸਿੰਘ ਬਠਿੰਡਾ ਹਾਜ਼ਰ ਸਨ।

ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਹੋਈ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਬਲਾਕ ਭਗਤਾ ਭਾਈਕਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਆਤਮਤੇਜ ਸ਼ਰਮਾ ਦੀ ਪ੍ਰਧਾਨਗੀ ਹੇਠ ਨਰੇਗਾ ਭਵਨ ਵਿਖੇ ਬੀਤੇ ਦਿਨੀਂ ਹੋਈ। ਮੀਟਿੰਗ ਵਿੱਚ ਸਭ ਤੋਂ ਪਹਿਲਾ ਮਾਸਟਰ ਰਣਜੋਧ ਸਿੰਘ ਦੇ ਭਤੀਜੇ ਦੀ ਹੋਈ ਅਚਨਚੇਤ ਮੌਤ ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਦੀ ਕਾਰਵਾਈ ਸੁਲੱਖਣ ਸਿੰਘ ਸੀਨੀਅਰ ਮੀਤ ਪ੍ਰਧਾਨ ਨੇ ਚਲਾਈ । ਮਾਸਟਰ ਲਾਭ ਸਿੰਘ ਡੋਡ ਨੇ ਇਨਕਲਾਬੀ ਕਵਿਤਾ ਗਾ ਕੇ ਮੀਟਿੰਗ ਦੀ ਸ਼ੁਰੂਆਤ ਕੀਤੀ। ਮਾਸਟਰ ਨਰਿੰਦਰਪਾਲ ਨੇ ਪੈਨਸ਼ਨਰਾਂ ਨੂੰ ਜ਼ੋਰ ਦੇ ਕੇ ਕਿਹਾ ਕਿ ਸਾਨੂੰ ਸਾਰੇ ਐਕਸ਼ਨਾਂ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਰਣਧੀਰ ਸਿੰਘ ਨੇ ਆਦਰਸ਼ ਸਕੂਲ ਚੌਕੇ ਦੇ ਅਧਿਆਪਕਾਂ ਦੇ ਹੁੰਦੇ ਸ਼ੋਸ਼ਨ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਚੁੱਕਿਆ। ਗੁਰਜੀਤ ਸਿੰਘ ਜਨਰਲ ਸਕੱਤਰ ਨੇ ਐਲ•ਟੀ•ਸੀ ਦਾ ਫਾਰਮ ਪੈਨਸ਼ਨ ਪੋਸਟਲ ਉੱਪਰ ਪਾਉਣ ਲਈ ਦੱਸਿਆ। ਮੀਟਿੰਗ ਦੇ ਅੰਤ ਵਿੱਚ ਪ੍ਰਧਾਨ ਆਤਮਤੇਜ ਸ਼ਰਮਾ ਨੇ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਸੁਣੀਆਂ ਤੇ ਉਹਨਾਂ ਦਾ ਹੱਲ ਸੁਲਝਾਇਆ। ਪ੍ਰਧਾਨ ਜੀ ਨੇ ਸਰਕਾਰ ਵੱਲੋਂ ਡੀ•ਏ• ਦੀਆਂ ਕਿਸ਼ਤਾਂ ਨਾ ਦੇਣ ਦੀ ਜ਼ੋਰਦਾਰ ਨਿਖੇਧੀ ਕੀਤੀ। ਪੈਨਸ਼ਨਰਾਂ ਨੂੰ 2•59 ਦਾ ਗੁਣਾਂਕ ਨਾ ਦੇਣਾ ਸਰਕਾਰ ਦੀ ਸਭ ਤੋਂ ਵੱਡੀ ਧੱਕੇਸ਼ਾਹੀ ਹੈ । ਪ੍ਰਧਾਨ ਜੀ ਨੇ ਕਿਹਾ ਕਿ 13 ਫ਼ਰਵਰੀ ਨੂੰ ਵੱਡੀ ਗਿਣਤੀ ਵਿੱਚ ਪੈਨਸ਼ਨਰ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਆਪਣੀਆਂ ਮੰਗਾਂ ਦਾ ਮੰਗ ਪੱਤਰ ਦੇਣਗੇ। ਮੀਟਿੰਗ ਵਿੱਚ ਮਾਸਟਰ ਗੁਰਦੀਪ ਸਿੰਘ, ਮਾਸਟਰ ਰਣਜੋਧ ਸਿੰਘ, ਸੀਨੀਅਰ ਮੀਤ ਪ੍ਰਧਾਨ ਨਛੱਤਰ ਸਿੰਘ, ਮਾਸਟਰ ਸੁਰਜੀਤ ਸਿੰਘ, ਮਾਸਟਰ ਪਰਮਜੀਤ ਸਿੰਘ, ਮਾਸਟਰ ਹਾਕਮ ਸਿੰਘ, ਗੁਰਦੀਪ ਸਿੰਘ ਪੁਲੀਸ, ਮਾਸਟਰ ਹਰਮੇਲ ਸਿੰਘ, ਵਿਤ ਸਕੱਤਰ ਅਮਰਜੀਤ ਸਿੰਘ, ਤੇਜਾ ਸਿੰਘ ਹੈਲਥ ਡਿਪਾਰਟਮੈਂਟ, ਮਾਸਟਰ ਸਿੰਘ ਮਲੂਕਾ, ਮਾਸਟਰ ਲਾਭ ਸਿੰਘ, ਸੁਰਜਨ ਸਿੰਘ ਭਗਤਾ, ਗੁਰਦੀਪ ਸਿੰਘ ਕੇਸਰ ਸਿੰਘ ਵਾਲਾ, ਮਾਸਟਰ ਬੰਤ ਸਿੰਘ, ਮਾਸਟਰ ਨਛੱਤਰ ਸਿੰਘ ਸਿਰੀਏਵਾਲਾ, ਆਤਮਾ ਸਿੰਘ, ਮਾਸਟਰ ਰੂਪ ਸਿੰਘ ਆਦਿ ਹਾਜ਼ਰ ਸਨ।

ਜਿਲ੍ਹਾਂ ਰੂਪਨਗਰ ਦੀਆਂ ਸਰਕਾਰੀ ਜਮੀਨਾਂ ਵਿੱਚੋਂ ਹਜ਼ਾਰਾਂ ਬੂਟੇ ਖੈਰ ਦੇ ਚੋਰੀ

ਆਖਰਕਾਰ ਕਿਸ ਜੀ ਸ਼ਹਿ ਦੇ ਉੱਤੇ ਚਲਦਾ ਹੈ ਗੋਰਖ ਧੰਦਾ

ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ) ਭਾਵੇਂ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਖੈਰ ਦੀ ਦਰੱਖਤਾਂ ਦੀ ਕਟਾਈ ਤੇ ਪੂਰਨ ਰੂਪ ਵਿੱਚ ਪਾਬੰਦੀ ਲਗਾ ਦਿੱਤੀ ਗਈ ਸੀ ਪਰ ਫਿਰ ਵੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਯਮਾਂ ਦੀ ਉਲੰਘਣਾ ਜ਼ਿਲਾ ਰੂਪਨਗਰ ਦੇ ਵੱਖ-ਵੱਖ ਥਾਵਾਂ ਵਿੱਚ ਨਜਾਇਜ਼ ਕਟਾਈ ਕਰਕੇ ਜੰਗਲਾਂ ਵਿੱਚੋਂ ਖਹਿਰਾ ਦੇ ਦਰਖਤ ਵੱਢੇ ਜਾ ਰਹੇ ਹਨ ਇਹ ਖਹਿਰਾ ਦੇ ਦਰਖਤ ਉਹੀ ਠੇਕੇਦਾਰ ਵੱਡ ਰਹੇ ਹਨ ਜਿਨ੍ਹਾਂ ਦੇ ਕੋਲ ਪਹਿਲਾਂ ਪਰਮਿਟ ਜਾਰੀ ਹੋ ਚੁੱਕੇ ਹਨ ਅਤੇ ਉਹ ਆਪਣੇ ਆਪ ਨੂੰ ਖੈਰ ਦੇ ਠੇਕੇਦਾਰ ਕਹਿਲਾਉਣ ਲੱਗ ਪਏ ਰੋਪੜ ਦੇ ਜੰਗਲਾਂ ਵਿੱਚੋਂ ਗੈਰ ਕਾਨੂੰਨੀ ਤੌਰ ਤੇ ਕੱਟੇ ਗਏ ਖੈਰਾਂ ਦੇ ਦਰਖਤ ਦੀ ਗਿਣਤੀ 2000 ਤੋਂ ਵੱਧ ਹੈ ਭਾਵੇਂ ਕਿ ਸੂਤਰਾਂ ਤੋਂ ਇਕੱਠੀ ਕੀਤੀ ਜਾਣਕਾਰੀ ਅਨੁਸਾਰ ਗੈਰ ਕਾਨੂੰਨੀ ਕਟਾਈ ਦੀ ਜਾਂਚ ਵੱਖ ਵੱਖ ਜ਼ਿਲ੍ਹੇਂ ਦੀਆਂ ਹੋਰ ਰੇਂਜਾਂ ਦੇ ਅਧਿਕਾਰੀਆਂ ਦੀਆਂ ਟੀਮਾਂ ਜ਼ਿਲ੍ਹਾ ਰੂਪਨਗਰ ਵਿੱਚ ਭੇਜੀਆਂ ਜਾ ਚੁੱਕੀਆਂ ਹਨ ਇਸ ਦੌਰਾਨ ਕਥਾ ਯੂਨਿਟ ਵਾਲੀਆਂ

ਫੈਕਟਰੀਆਂ ਜੋ ਕਿ ਪੰਜਾਬ ਦੇ ਵਿੱਚ ਹੁਸ਼ਿਆਰਪੁਰ ਜ਼ਿਲ੍ਹਾ ਅਤੇ ਤਲਵਾੜੇ ਨਜ਼ਦੀਕ ਪੈਂਦੀਆਂ ਹਨ ਜਿਸ ਦੇ ਨਾਲ ਹੀ ਹਿਮਾਚਲ ਦੇ ਵਿੱਚ ਇੱਕ ਕਥਾ ਫੈਕਟਰੀ ਚਿੰਤਪੁਰਨੀ ਨਜ਼ਦੀਕ ਵੀ ਹੈ ਜਿੱਥੋਂ ਕੁਝ ਲੱਕੜ ਵੀ ਬਰਾਮਦ ਹੋਈ ਹੈ ਜ਼ਿਕਰਯੋਗ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਪੰਜ ਤੋਂ ਸੱਤ ਠੇਕੇਦਾਰ ਅਜਿਹੇ ਹਨ ਜਿਨਾਂ ਤੇ ਵੱਖ-ਵੱਖ ਧਾਰਾਵਾਂ ਤਹਿਤ ਮੁਕਦਮੇ ਵੀ ਦਰਜ ਹੋ ਚੁੱਕੇ ਹਨ ਪਰ ਮੁਕਦਮੇ ਦਰਜ ਹੋਣ ਤੋਂ ਬਾਵਜੂਦ ਵੀ ਇਨਾਂ ਖੈਰਾਂ ਦੇ ਠੇਕੇਦਾਰਾ ਨੂੰ ਕਾਨੂੰਨ ਨੂੰ ਛਿੱਕੇ ਤੇ ਟੰਗ ਕੇ ਦੁਬਾਰਾ ਫਿਰ ਮਿਲੀ ਭੁਗਤ ਨਾਲ ਕੰਮ ਚਲਾਇਆ ਜਾ ਰਿਹਾ ਹੈ ਸ੍ਰੀ ਅਨੰਦਪੁਰ ਸਾਹਿਬ ਦੇ ਕੁਝ ਠੇਕੇਦਾਰ ਆਲੇ ਦੁਆਲੇ ਤੋਂ ਕਾਰਪੋਰੇਸ਼ਨ ਦਾ ਮਾਲ ਲੈ ਕੇ ਇੱਕ ਨੰਬਰ ਵਿੱਚ ਕੰਮ ਤਾਂ ਚਲਾ ਰਹੇ ਹਨ ਪਰ ਨਾਲ ਚੋਰੀ ਦਾ ਖੈਰ ਵੀ ਦਿਨ ਰਾਤ ਇੱਕ ਕਰਕੇ ਖਰੀਦੀ ਜਾ ਰਹੇ ਅਤੇ ਇੱਕ ਨੰਬਰ ਦਾ ਸਰਕਾਰੀ ਕਾਰਪੋਰੇਸ਼ਨਾਂ ਦਾ ਪਰਮਿਟ ਦਿਖਾ ਕੇ ਦੂਜਾ ਮਾਲ ਛੋਟੇ ਠੇਕੇਦਾਰਾਂ ਕੋਲੋਂ ਖਰੀਦੀ ਜਾ ਰਹੇ ਹਨ ਜੰਗਲਾਤ ਵਿਭਾਗ ਦੇ ਕੁਝ ਅਧਿਕਾਰੀਆਂ ਨੂੰ ਇਸ ਬਾਰੇ ਸਭ ਕੁਝ ਪਤਾ ਹੈ ਪਰ ਫਿਰ ਵੀ ਉਹ ਕਿਸੇ ਕਾਰਨਾਂ ਕਾਰਨ ਆਪਣੀਆਂ ਅੱਖਾਂ ਕਬੂਤਰ ਵਾਂਗ ਬੰਦ ਕਰ ਲੈਂਦੇ ਹਨ।

ਦੇਬੀ ਦੀ ਅਗਵਾਈ ਹੇਠ ਅੱਖਾਂ ਦੇ ਕੈਂਪ ਵਿੱਚ ਸੈਂਕੜੇ ਮਰੀਜ਼ਾਂ ਦਾ ਹੋਇਆ ਇਲਾਜ, ਮੁਫ਼ਤ ਦਵਾਈਆਂ ਤੇ ਵੰਡੀਆਂ ਐਨਕਾਂ

ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੇ ਹੋਣਗੇ ਮੁਫ਼ਤ ਅਪਰੇਸ਼ਨ : ਗੁਰਦੇਵ ਦੇਬੀ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਪੰਜਾਬ ਭਾਜਪਾ ਦੇ ਖ਼ਜ਼ਾਨਚੀ ਗੁਰਦੇਵ ਸ਼ਰਮਾ ਦੇਬੀ ਦੀ ਪ੍ਰਧਾਨਗੀ ਹੇਠ ਸਥਾਨਕ ਈਸਾ ਨਗਰੀ ਪੁਲੀ ਸਥਿਤ ਭਾਜਪਾ ਦਫ਼ਤਰ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ । ਸੇਵਾ ਹੀ ਸੰਕਲਪ ਪ੍ਰੋਗਰਾਮ ਤਹਿਤ ਲਗਾਏ ਗਏ ਇਸ ਕੈਂਪ 'ਚ ਅੱਖਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰਾਂ ਦੀ ਟੀਮ ਨੇ ਸੈਂਕੜੇ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਅਤੇ ਐਨਕਾਂ ਵੰਡੀਆਂ। ਇਸ ਦੇ ਨਾਲ ਹੀ ਡਾਕਟਰਾਂ ਦੀ ਸਲਾਹ 'ਤੇ ਅੱਖਾਂ ਦੇ ਅਪਰੇਸ਼ਨ ਵੀ ਮੁਫ਼ਤ ਕੀਤੇ ਜਾਣਗੇ। ਗੁਰਦੇਵ ਸ਼ਰਮਾ ਦੇਬੀ ਨੇ ਵਿਧਾਨ ਸਭਾ ਸੈਂਟਰਲ ਵਿਖੇ ਸਮੇਂ-ਸਮੇਂ 'ਤੇ ਲਗਾਏ ਗਏ ਮੁਫ਼ਤ ਮੈਡੀਕਲ ਕੈਂਪਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸੇਵਾ ਹੀ ਉਨ੍ਹਾਂ ਦੇ ਜੀਵਨ ਦਾ ਇੱਕੋ ਇੱਕ ਮਕਸਦ ਹੈ। ਆਮ ਆਦਮੀ ਪਾਰਟੀ ਵੱਲੋਂ ਨਾਗਰਿਕਾਂ ਨੂੰ ਬਿਹਤਰ

ਸਿੱਖਿਆ ਅਤੇ ਸਿਹਤ ਸੇਵਾਵਾਂ ਦੇਣ ਦੇ ਝੂਠੇ ਦਾਅਵਿਆਂ ਦਾ ਪਰਦਾਫਾਸ਼ ਕਰਦਿਆਂ ਦੇਬੀ ਨੇ ਕਿਹਾ ਕਿ ਸਰਕਾਰ ਦੇ ਦਾਅਵੇ ਸਿਰਫ਼ ਇਸ਼ਤਿਹਾਰਾਂ ਤੱਕ ਹੀ ਸੀਮਿਤ ਹਨ। ਅਸਲ ਵਿੱਚ ਸਰਕਾਰੀ ਸਿਹਤ ਸੇਵਾਵਾਂ ਕਾਗਜ਼ਾਂ 'ਤੇ ਹੀ ਚੱਲ ਰਹੀਆਂ ਹਨ । ਸ਼ਨੀਵਾਰ ਨੂੰ ਲਗਾਏ ਗਏ ਅੱਖਾਂ ਦੇ ਮੁਫਤ ਕੈਂਪ ਦੀ ਸਫਲਤਾ 'ਤੇ ਭਾਜਪਾ ਵਰਕਰਾਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਸੇਵਾ ਹੀ ਸੰਕਲਪ ਪ੍ਰੋਗਰਾਮ ਤਹਿਤ ਅਜਿਹੇ ਕੈਂਪ ਲਗਾਤਾਰ ਜਾਰੀ ਰਹਿਣਗੇ। ਇਸ ਮੌਕੇ ਕੌਂਸਲਰ ਪੂਨਮ ਰਤੜਾ, ਸਾਬਕਾ ਕੌਂਸਲਰ ਗੁਰਦੀਪ ਸਿੰਘ ਨੀਟੂ, ਸੁਭਾਸ਼ ਗੁਪਤਾ, ਰਾਜੀਵ ਸ਼ਰਮਾ, ਅਮਿਤ ਮਿੱਤਲ, ਦੀਪਕ ਜੌਹਰ, ਹਿਮਾਂਸ਼ੂ ਕਾਲੜਾ, ਰਾਕੇਸ਼ ਗੋਇਲ, ਸੁਸ਼ੀਲ ਜੈਨ ਕਾਲੜਾ, ਜੋਨ ਮਸੀਹ, ਬੰਸੀ ਲਾਲ, ਸੁਰਿੰਦਰ ਅਡਵਾਨੀ, ਨਰੇਸ਼ ਗਾਬਾ, ਸੰਜੈ ਖਟਕ, ਪ੍ਰਦੀਪ ਪਲਟਾ, ਗੁਰਮੀਤ ਸਿੰਘ ਜੀਤਾ ਅਤੇ ਹੋਰ ਵੀ ਹਾਜ਼ਰ ਸਨ।

for more news visit:
www.samajweekly.com

22 ਫਰਵਰੀ ਤੋਂ ਮੁੜ ਲੱਗੇਗਾ 'ਧਰਮ ਯੁੱਧ ਮੋਰਚਾ', ਟਾਵਰ ਮੋਰਚੇ ਤੇ ਜੁਝਾਰੂ ਜਥੇਬੰਦੀਆਂ ਦਾ ਇਕੱਠ ਨੇ ਲਿਆ ਫੈਸਲਾ: ਭਾਈ ਗੁਰਪ੍ਰੀਤ ਸਿੰਘ

ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ) ਸਰਬ ਧਰਮ ਬੇਅਦਬੀ ਰੋਕੂ ਕਾਨੂੰਨ ਮੋਰਚਾ ਦੇ ਤਹਿਤ ਪਿਛਲੇ 16 ਮਹੀਨਿਆਂ ਤੋਂ 400 ਫੁੱਟ ਉੱਚੇ ਟਾਵਰ ਤੇ ਬੈਠ ਕੇ ਜਾਗਤਿ ਜੋਤਿ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਹੋਰ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਪੰਜਾਬ ਵਿਚ ਬਾਰ ਬਾਰ ਕਰਵਾਈ ਜਾ ਰਹੀ ਬੇਅਦਬੀ ਰੋਕਣ ਲਈ ਬੇਮਿਸਾਲ ਸਜ਼ਾ ਦਾ ਕਾਨੂੰਨ ਲਾਗੂ ਕਰਵਾਉਣ ਦੀ ਮੰਗ ਕਰ ਰਹੇ ਭਾਈ ਗੁਰਜੀਤ ਸਿੰਘ ਖਾਲਸਾ ਦੇ ਸੰਘਰਸ਼ ਨੂੰ ਅੱਜ ਉਸ ਵੇਲੇ ਵੱਡਾ ਬਲ ਮਿਲਿਆ, ਜਦ ਪੰਜਾਬ ਅਤੇ ਹਰਿਆਣਾ ਦੀਆਂ 21 ਜੁਝਾਰੂ ਜਥੇਬੰਦੀਆਂ ਨੇ ਸਰਬ ਸੰਮਤੀ ਨਾਲ ਪੱਕੇ ਤੌਰ ਤੇ 22 ਫਰਵਰੀ ਤੋਂ ਧਰਮ ਯੁੱਧ ਮੋਰਚਾ ਮੁੜ ਲਾਉਣ ਦਾ ਐਲਾਨ ਕੀਤਾ। ਜ਼ਿਕਰ ਯੋਗ ਹੈ ਕਿ 1982 ਵਿੱਚ ਧਰਮ ਯੁੱਧ ਮੋਰਚਾ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਅੰਮ੍ਰਿਤਸਰ ਵਿਖੇ ਲੱਗਿਆ ਸੀ, ਜਦਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਨ ਸ਼ਾਨ ਨੂੰ ਸਮਰਪਿਤ ਇਸ ਦੂਜੇ ਧਰਮ ਯੁੱਧ ਮੋਰਚੇ ਵਿੱਚ ਪਿੰਡਾਂ ਸ਼ਹਿਰਾਂ ਤੋਂ ਟਰੈਕਟਰ ਟਰਾਲੀਆਂ ਤੇ ਸਵਾਰ ਹੋ ਕੇ ਜੁਝਾਰੂ ਪੰਜਾਬੀ ਸਮਾਣਾ ਮੋਰਚਾ ਪਾਰਕ ਤੇ 22 ਨੂੰ ਪੱਕਾ ਡੇਰਾ ਲਗਾਉਣਗੇ ਜਿਥੋਂ ਕਿ 24 ਫਰਵਰੀ ਨੂੰ ਅਣਮਿਥੇ ਸਮੇਂ ਲਈ ਹਾਈਵੇ ਰੋਕਣ ਲਈ ਕੂਚ ਕੀਤਾ ਜਾਏਗਾ। ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਭਾਈ ਗੁਰਪ੍ਰੀਤ ਸਿੰਘ ਮੋਰਚਾ ਕੋਆਰਡੀਨੇਟਰ, ਸੀਨੀਅਰ ਆਗੂ ਅਮਤੋਜ ਸਿੰਘ ਮਾਨ, ਕਿਸਾਨ ਆਗੂ ਇੰਦਰਜੀਤ ਸਿੰਘ ਘਣੀਆ, ਬਾਬਾ ਭੁਪਿੰਦਰ ਸਿੰਘ,

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ, ਸੀਨੀਅਰ ਪੱਤਰਕਾਰ ਜਗਦੀਪ ਸਿੰਘ ਥਲੀ, ਮੁੱਖ ਸਲਾਹਕਾਰ ਤਲਵਿੰਦਰ ਸਿੰਘ ਔਲਖ ਅਤੇ ਹੋਰ ਜੁਝਾਰੂ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਤੌਰ ਤੇ ਐਲਾਨ ਕੀਤਾ, ਕਿ ਪੰਜਾਬ ਸਰਕਾਰ ਬੇਮਿਸਾਲ ਸਜ਼ਾ ਦਾ ਕਾਨੂੰਨ ਬਣਾਉਣ ਦੇ ਆਪਣੇ ਕੀਤੇ ਹੋਏ ਵਾਅਦਿਆਂ ਤੋਂ ਮੁੱਕਰ ਚੁੱਕੀ ਹੈ, 15 ਜੁਲਾਈ 2025 ਨੂੰ ਪੰਜਾਬ ਵਿਧਾਨ ਸਭਾ ਵੱਲੋਂ ਗਠਿਤ ਸਲੈਕਟ ਕਮੇਟੀ ਨੂੰ ਦਿੱਤਾ ਗਿਆ ਛੇ ਮਹੀਨੇ ਦਾ ਸਮਾਂ ਵੀ ਖਤਮ ਹੋ ਚੁੱਕਾ ਹੈ, ਪਰ ਸਰਕਾਰ ਕਾਨੂੰਨ ਲਾਗੂ ਕਰਨੋਂ ਅਵੇਸਲੀ ਹੋਈ ਪਈ ਹੈ। ਸਰਕਾਰ ਦੇ ਇਸ ਨਿਰਾਸ਼ਾਜਨਕ ਰਵਈਏ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਭਾਈ ਗੁਰਜੀਤ ਸਿੰਘ ਦੀ ਦਿਨੋ ਦਿਨ ਵਿਗੜ ਰਹੀ ਸਿਹਤ ਦਾ ਖਿਆਲ ਕਰਦੇ ਹੋਏ ਜਥੇਬੰਦੀਆਂ ਵੱਲੋਂ ਪੱਕੇ ਤੌਰ ਤੇ ਕਰੜਾ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ ਗਿਆ ਹੈ। ਅੱਜ ਦੀ ਇਕੱਤਰਤਾ ਵਿੱਚ ਦਿੱਲੀ ਕਿਸਾਨੀ ਮੋਰਚੇ ਦੇ ਆਗੂ ਭਾਈ ਗੁਰਦੀਪ ਸਿੰਘ ਸਿੱਧੂ ਭੰਗਪੁਰ, ਮਨਜੀਤ ਸਿੰਘ ਨਿਆਲ, ਬਲਜਿੰਦਰ ਸਿੰਘ ਚੰਡਿਆਲਾ, ਮਨਜੀਤ ਸਿੰਘ ਮਛੋਂਦਾ, ਕੁਲਦੀਪ ਸਿੰਘ ਮੋਹਰੀ, ਸੁਰਜੀਤ ਸਿੰਘ ਭੰਨੋਖੇੜੀ, ਗੁਰਸ਼ਾਦ ਸਿੰਘ ਉਗਰਾ, ਗੁਰਦੇਵ ਸਿੰਘ ਗੱਜੂ ਮਾਜਰਾ, ਪਸਵਿੰਦਰ ਸਿੰਘ ਰਤਨ ਹੇੜੀ, ਚਤਰ ਸਿੰਘ, ਗੁਰਦੀਪ ਸਿੰਘ ਭੰਡਾਲ, ਨਰਿੰਦਰ ਸਿੰਘ ਖੁਸਰੋਪੁਰ, ਕੁਲਦੀਪ ਸਿੰਘ ਕੇਸਰਪੁਰ, ਬਾਬਾ ਸੁਖਦੇਵ ਸਿੰਘ ਨਾਨਕਸਰ ਸੰਪ੍ਰਦਾਇ, ਵਿਦਿਆਰਥੀ ਆਗੂ ਸੁਖਮਨਪਾਲ ਸਿੰਘ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਗੁਰਮੀਤ ਸਿੰਘ ਥਲੀ ਸਿੱਖ ਸਦਭਾਵਨਾ ਦਲ, ਜਗਵਿੰਦਰ ਸਿੰਘ ਸਵਰਾਜਪੁਰ, ਸ਼ੇਰੇ ਪੰਜਾਬ ਦਲ, ਕੁਲਵੰਤ ਸਿੰਘ ਖਟੜਾ, ਗੁਰਪ੍ਰੀਤ ਸਿੰਘ ਭਰਾਜ, ਸੁਖਬੀਰ ਸਿੰਘ, ਸਿਮਰਨਜੀਤ ਸਿੰਘ, ਕਮਲਜੀਤ ਸਿੰਘ, ਬਾਬਾ ਗੁਰਦੀਪ ਸਿੰਘ ਭੁੱਲਰ, ਭਾਈ ਸਾਹਿਬ ਸਿੰਘ, ਭਾਈ ਰਣਜੀਤ ਸਿੰਘ, ਰੰਮੀ ਸਹਿਗਲ, ਚੇਅਰਮੈਨ ਹਰਿੰਦਰ ਸਿੰਘ, ਕੁਲਵਿੰਦਰ ਸਿੰਘ ਸਿੱਧੂ, ਸ਼ਿੰਦਰ ਸਿੰਘ, ਬਾਬਾ ਜੱਸਾ ਸਿੰਘ, ਭਾਈ ਜਸਵਿੰਦਰ ਸਿੰਘ, ਬੀਬੀ ਰੁਪਿੰਦਰ ਕੌਰ, ਬਲਜੀਤ ਕੌਰ ਭਿੰਡਰ ਹਰਜਿੰਦਰ ਕੌਰ, ਮਨਵਿੰਦਰ ਸਿੰਘ, ਲਾਭ ਸਿੰਘ, ਸੁਖਜਿੰਦਰ ਸਿੰਘ ਸਮੇਤ ਨਾਮਵਰ ਆਗੂਆਂ ਨੇ ਸ਼ਿਰਕਤ ਕੀਤੀ ਅਤੇ ਸਰਕਾਰ ਨੂੰ ਕਾਨੂੰਨ ਲਾਗੂ ਕਰਨ ਲਈ ਮਜ਼ਬੂਰ ਕਰਨ ਲਈ ਪਿੰਡਾਂ ਵਿੱਚ ਪ੍ਰਚਾਰ ਕੀਤਾ ਜਾਏਗਾ। ਇਸ ਕਾਰਜ ਲਈ ਗ੍ਰੰਥੀ ਸਿੰਘਾਂ ਦਾ ਸਹਿਯੋਗ ਲਿਆ ਜਾਏਗਾ।

ਹਰਿਆਣਾ ਕਮੇਟੀ ਜਰਨਲ ਹਾਊਸ ਵਿੱਚ ਪ੍ਰਧਾਨ ਝੀਂਡਾ ਦਾ ਕੋਰਮ ਘਪਲਾ ਰੋਕਣ ਲਈ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਨੇ ਦਿੱਤਾ ਵੀਡੀਓਗ੍ਰਾਫੀ ਦਾ ਹੁਕਮ - ਜਥੇਦਾਰ ਰਾਮਸਰ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 10 ਫਰਵਰੀ 2026 ਨੂੰ ਜਗਦੀਸ਼ ਸਿੰਘ ਝੀਂਡਾ ਵੱਲੋਂ ਜਰਨਲ ਇਜਲਾਸ ਕੁਰੂਕਸ਼ੇਤਰ ਵਿਖੇ ਸੱਦਿਆ ਹੋਇਆ ਹੈ ਜਿਸ ਵਿੱਚ ਉਸ ਨੇ ਅੰਤ੍ਰਿੰਗ ਕਮੇਟੀ ਦੇ ਵਿਚਾਰਧਾਰਕ ਵਖਰੇਂਵਾਂ ਰੱਖਣ ਵਾਲੇ ਕੁੱਝ ਮੈਂਬਰਾਂ ਨੂੰ ਅੰਤ੍ਰਿੰਗ ਕਮੇਟੀ ਵਿੱਚੋਂ ਬਾਹਰ ਕੱਢਣ ਵਾਸਤੇ ਬਹੁਮਤ ਸਾਬਤ ਕਰਨਾ ਹੈ। ਜਥੇਦਾਰ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਜਿਸ ਤਰ੍ਹਾਂ ਪਹਿਲਾਂ 7 ਜਨਵਰੀ ਨੂੰ ਜਰਨਲ ਇਜਲਾਸ ਵਿੱਚ ਮੈਂਬਰਾਂ ਦਾ ਕੋਰਮ ਪੂਰਾ ਨਾ ਹੋਣ ਦੇ ਬਾਵਜੂਦ ਵੀ ਬਜ਼ਟ ਪਾਸ ਕਰਨ ਦਾ ਝੂਠਾ ਐਲਾਨ ਝੀਂਡਾ ਨੇ ਕਰ ਦਿੱਤਾ ਸੀ ਅਤੇ ਬਾਅਦ ਵਿੱਚ ਘਰਾਂ ਵਿੱਚੋਂ ਜਾ ਕੇ ਮੈਂਬਰਾਂ ਦੇ ਦਸਤਖ਼ਤ ਕਰਵਾਏ ਸਨ ਇਸ ਕਾਰਵਾਈ ਦੇ ਖ਼ਿਲਾਫ਼ ਜੁਡੀਸ਼ਲ ਕਮਿਸ਼ਨ ਪਾਸ ਸਾਡੇ ਵੱਲੋਂ ਰਿੱਟ ਪਟੀਸ਼ਨ ਦਾਇਰ ਕੀਤੀ ਸੀ ਜੋ 13 ਫ਼ਰਵਰੀ ਨੂੰ ਸੁਣਵਾਈ ਅਧੀਨ

ਹੈ । ਘਪਲੇਬਾਜ਼ੀ ਦੀ ਅਜਿਹੀ ਕਾਰਵਾਈ ਦੁਬਾਰਾ ਨਾ ਹੋਵੇ, ਨੂੰ ਰੋਕਣ ਵਾਸਤੇ ਹਰਿਆਣਾ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵਿੱਚ ਮੇਰੇ ਵੱਲੋਂ ਕੇਸ ਫਾਈਲ ਕੀਤਾ ਗਿਆ ਸੀ । ਜਨਰਲ ਇਜਲਾਸ ਦੀ ਪੂਰੀ ਵੀਡੀਓਗ੍ਰਾਫੀ ਕੀਤੀ ਜਾਵੇ ਤਾਂ ਕਿ ਸਿੱਖ ਸੰਗਤ ਨੂੰ ਪਤਾ ਚੱਲੇ ਕਿ ਕੌਣ ਕੌਣ ਮੈਂਬਰ ਜਰਨਲ ਇਜਲਾਸ ਵਿੱਚ ਹਾਜ਼ਰ ਸਨ ਅਤੇ ਉਨ੍ਹਾਂ ਨੇ ਕੀ ਵਿਚਾਰ ਦਿੱਤੇ ਸਨ । 29 ਜਨਵਰੀ ਨੂੰ ਜੁਡੀਸ਼ਲ ਕਮਿਸ਼ਨ ਨੇ ਵੀਡੀਓਗ੍ਰਾਫੀ ਦੀ ਸਾਡੀ ਅਪੀਲ ਰੱਦ ਕਰ ਦਿੱਤੀ ਸੀ ਜਿਸ ਨਾਲ ਝੀਂਡਾ ਗਰੁੱਪ ਨੂੰ ਘਪਲੇਬਾਜ਼ੀ ਕਰਨ ਦੀ ਖੁੱਲ੍ਹ ਮਿਲ ਗਈ ਸੀ। ਜਿਸ ਨੂੰ ਜਗਦੀਸ਼ ਸਿੰਘ ਝੀਂਡਾ ਨੇ ਬੜੀ ਵੱਡੀ ਪ੍ਰਾਪਤੀ ਦੱਸ ਕੇ ਮੈਂਬਰਾਂ ਵਿੱਚ ਪ੍ਰਚਾਰਿਆ ਪਰ 4 ਤਰੀਕ ਨੂੰ ਮੇਰੇ ਵੱਲੋਂ ਜੋ ਅਪੀਲ ਕੀਤੀ ਗਈ ਸੀ 6 ਫਰਵਰੀ ਨੂੰ ਅਪੀਲ ਤੇ ਸੁਣਵਾਈ ਕਰਦਿਆਂ ਸਾਡੇ ਵਕੀਲ ਰਸ਼ਪਿੰਦਰ ਸਿੰਘ ਸੋਹੀ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਹਰਿਆਣਾ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਨੇ 10 ਫਰਵਰੀ ਨੂੰ ਜਨਰਲ ਇਜਲਾਸ ਵਿੱਚ ਘਪਲੇਬਾਜ਼ੀ ਨੂੰ ਰੋਕਣ ਅਤੇ ਪਾਰਦਰਸ਼ਤਾ ਵਾਸਤੇ ਵੀਡੀਓਗ੍ਰਾਫੀ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਹੈ ਤੇ ਇਸ ਵਾਸਤੇ ਚੀਫ਼ ਸਕੱਤਰ ਨੂੰ ਪਾਬੰਦ ਕਰ ਦਿੱਤਾ ਹੈ । ਕਮਿਸ਼ਨ ਨੇ ਹੁਕਮ ਜਾਰੀ ਕੀਤਾ ਹੈ ਕਿ ਜਰਨਲ ਇਜਲਾਸ ਵਿੱਚ ਸ਼ਾਮਲ ਹਰ ਮੈਂਬਰ ਦਾ ਚਿਹਰਾ ਸਾਫ਼ ਸਾਫ਼ ਨਜ਼ਰ ਆਵੇ ਇਸ ਲਈ ਚੀਫ ਸਕੱਤਰ ਜਿੰਮੇਵਾਰ ਹੋਵੇਗਾ ਅਤੇ ਇਸ ਵੀਡੀਓਗ੍ਰਾਫੀ ਨੂੰ ਸਾਂਭ ਕੇ ਰੱਖਿਆ ਜਾਵੇ । ਜਥੇਦਾਰ ਰਾਮਸਰ ਨੇ ਦੱਸਿਆ ਕਿ ਇਸ ਹੁਕਮ ਜਾਰੀ ਹੋਣ ਦੇ ਨਾਲ ਜਗਦੀਸ਼ ਸਿੰਘ ਝੀਂਡਾ ਦੀ ਘਪਲੇਬਾਜ਼ੀ ਤੇ ਗੈਰ ਕਾਨੂੰਨੀ ਕਾਰਵਾਈ ਤੇ ਰੋਕ ਲੱਗ ਗਈ ਹੈ ।

ਫ਼ਤਿਹ ਦਿਵਸ ਕਿਤਾਬਚਾ ਫੈਡਰੇਸ਼ਨ ਮੋਰਿੰਡਾ ਵੱਲੋਂ ਜਾਰੀ

ਮੋਰਿੰਡਾ (ਸੁਖਵਿੰਦਰ ਸਿੰਘ ਹੈਪੀ)– ਫ਼ਤਿਹ ਦਿਵਸ ਕਿਤਾਬਚਾ, ਗਿਆਨੀ ਸਵਰਨ ਸਿੰਘ ਢੰਗਰਾਲੀ ਵੱਲੋਂ ਲਿਖਿਆ ਗਿਆ ਹੈ। ਜਿਸ ਦੀ ਪ੍ਰਕਾਸ਼ਨਾ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਮੋਰਿੰਡਾ ਵੱਲੋਂ ਕੀਤੀ ਗਈ ਹੈ। ਇਹ ਕਿਤਾਬਚਾ ਗੁਰੂਦਵਾਰਾ ਸ਼ਹੀਦ ਗੰਜ ਮੋਰਿੰਡਾ ਵਿਖੇ ਸਾਦੇ ਸਮਾਗਮ ਵਿੱਚ ਜਾਰੀ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦਲਜੀਤ ਸਿੰਘ ਮੁੰਡੇ ਸਕੱਤਰ ਰਾਮਗੜ੍ਹੀਆ ਫੈਡਰੇਸ਼ਨ ਨੇ ਦੱਸਿਆ ਕਿ ਇਸ ਸਮੇਂ ਲੇਖਕ ਸਵਰਨ ਸਿੰਘ ਢੰਗਰਾਲੀ ਨੇ ਮੋਰਿੰਡਾ ਫ਼ਤਿਹ ਦਿਵਸ ਅਤੇ ਕਿਤਾਬਚੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਇਸ ਕਿਤਾਬਚੇ ਵਿੱਚ ਮੋਰਿੰਡਾ ਦੇ ਦੁਸ਼ਟ ਆਤਮਾਵਾਂ ਰੰਘੜ ਚੌਧਰੀ ਜਾਨੀ ਖਾਂ ਤੇ ਮਾਨੀ ਖਾਂ ਨਾਲ ਖ਼ਾਲਸੇ ਦੀ ਹੋਈ ਲੜਾਈ ਤੇ ਚੌਧਰੀਆਂ ਨੂੰ ਮਾਰਨ ਦਾ ਪ੍ਰਸੰਗ ਹੈ । ਇਹ ਉਹ ਦਿਨ ਸੀ ਜਿਸ ਦਿਨ ਮੁਗਲਾਂ ਦੀ 800 ਸਾਲ ਦੀ ਗੁਲਾਮੀ ਤੋਂ ਬਾਅਦ ਮੋਰਿੰਡਾ ਅਜਾਦ ਹੋਇਆ, ਉਨ੍ਹਾਂ ਦੱਸਿਆ ਕਿ ਇਸ ਜੰਗ ਦੀ ਯਾਦ ਵਿੱਚ ਹੀ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਮੋਰਿੰਡਾ ਬਣਿਆ ਹੈ । ਇਸ ਮੌਕੇ ਕੁਲਵੀਰ ਸਿੰਘ ਸਰਪ੍ਰਸਤ ਰਾਮਗੜ੍ਹੀਆ ਫੈਡਰੇਸ਼ਨ ਨੇ ਕਿਤਾਬਚੇ ਬਾਰੇ ਬੋਲਦਿਆਂ ਕਿਹਾ ਕਿ ਕਿਤਾਬਚੇ ਵਿੱਚ ਉਸ ਖੂਹ ਦਾ ਜ਼ਿਕਰ ਹੈ ਜਿੱਥੋਂ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਨੇ ਪਾਣੀ ਪੀਤਾ ਸੀ। ਉਨ੍ਹਾਂ ਕਿਹਾ ਕਿ ਕਿਤਾਬਚੇ ਤੋਂ ਪਤਾ ਲੱਗਦਾ ਹੈ ਕਿ ਇਤਿਹਾਸ ਨੇ ਮੋਰਿੰਡੇ ਫਤਿਹ ਦਾ ਸਿਹਰਾ ਰਣ ਸਿੰਘ ਤੇ ਦਲ ਸਿੰਘ ਪਿੰਡ ਘੜੂੰਆ ਦੇ ਰਾਮਗੜ੍ਹੀਏ ਸਿੰਘ ਸੂਰਮਿਆਂ ਦੇ ਸਿਰ ਬੰਨ੍ਹਿਆ ਹੈ। ਇਸ ਸਮਾਗਮ ਵਿੱਚ ਪੁੱਜੇ ਲੋਕਲ ਪ੍ਰਬੰਧਕ ਕਮੇਟੀ ਗੁਰੂਦੁਆਰਾ ਸ਼ਹੀਦ ਗੰਜ ਸਾਹਿਬ ਮੋਰਿੰਡਾ ਦੇ ਮੈਨੇਜਰ ਦਲਵੀਰ ਸਿੰਘ, ਕੌਂਸਲਰ ਅੰਮ੍ਰਿਪਾਲ ਸਿੰਘ ਖੱਟੜਾ, ਸਮਾਜ ਸੇਵੀ ਵਿਕਰਮਜੀਤ ਸਿੰਘ ਜੁਗਨੂੰ, ਕੁਲਵੀਰ ਸਿੰਘ ਸੋਨੂੰ ਨੇ ਇਸ ਇਤਿਹਾਸਕ ਖੋਜ ਦੀਆਂ ਵਧਾਈਆਂ ਦਿੱਤੀਆਂ, ਇਨ੍ਹਾਂ ਆਗੂਆਂ ਨੇ ਕਿਹਾ ਕਿ ਇਤਿਹਾਸ ਦੀ ਵੱਡੀ ਪ੍ਰਾਪਤੀ ਜਿਹੜੀ ਪਰਾਤਨ ਗ੍ਰੰਥਾਂ ਵਿੱਚ ਦਰਜ ਸੀ। ਉਸ ਨੂੰ ਲੇਖਕ ਨੇ ਉਭਾਰਕੇ ਸੰਗਤਾਂ ਸਾਹਮਣੇ ਲਿਆਂਦਾ ਹੈ।ਇਸ ਮਾਣਮੱਤੇ ਇਤਿਹਾਸ ਤੇ ਇਲਾਕਾ ਨਿਵਾਸੀਆਂ ਤੇ ਘੜੂੰਆ ਪਿੰਡ ਨੂੰ ਮਾਣ ਮਹਿਸੂਸ ਹੋ ਰਿਹਾ ਹੈ। ਇਸ ਵਿੱਚ ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ ਧਰਮਿੰਦਰ ਸਿੰਘ ਕੋਟਲੀ , ਮਨਦੀਪ ਸਿੰਘ ਰੌਣੀ, ਸੁਰਿੰਦਰ ਸਿੰਘ ਰਸੂਲਪੁਰ, ਰਣਜੋਧ ਸਿੰਘ ਢੰਗਰਾਲੀ, ਤੇਜਿੰਦਰ ਸਿੰਘ ਕਲਸੀ , ਜਗਜੀਤ ਸਿੰਘ ਰੀਹਲ, ਗੁਰੂਦਵਾਰਾ ਰਾਮਗੜ੍ਹੀਆ ਸਿੰਘ ਸਭਾ ਮੋਰਿੰਡਾ ਪ੍ਰਧਾਨ ਜਸਵੰਤ ਸਿੰਘ ਰੀਹਲ ਹਾਜ਼ਰ ਸਨ।

ਪੈਂਤੀਆ ਸਾਲਾਂ ਬਾਅਦ ਮਿਲੇ ਦਸਵੀਂ ਜਮਾਤ ਦੇ ਦੋਸਤਾਂ ਨੇ ਮਨਾਇਆ ਜਸ਼ਨ ਏ ਮੁਹੱਬਤ

ਮਹਿਤਪੁਰ (ਹਰਜਿੰਦਰ ਸਿੰਘ ਚੰਦੀ)– ਅਜੋਕੇ ਸਮੇਂ ਵਿੱਚ ਜਦੋਂ ਕਿਸੇ ਕੋਲ ਕਿਸੇ ਲਈ ਵਕਤ ਨਹੀਂ ਹੈ ਦੁਨੀਆ ਪਦਾਰਥ ਵਾਦੀ ਸੋਚ ਵਿੱਚ ਗਲਤਾਨ ਮਾਇਆ ਦੀ ਦੌੜ ਵਿੱਚ ਮਗਨ ਹੈ ਅਜਿਹੇ ਹਾਲਾਤ ਵਿੱਚ ਕੁੱਝ ਚਿਹਰੇ ਅਜਿਹੇ ਵੀ ਸਮਾਜ ਵਿੱਚ ਮਿਲ ਜਾਂਦੇ ਹਨ ਜੋ ਬੀਤੇ ਦੀਆਂ ਯਾਦਾਂ ਦਿਲਾਂ ਵਿੱਚ ਸੰਭਾਲੀ ਬੈਠੇ ਹਨ ਅਜਿਹੀ ਦੋਸਤੀ ਦੀ ਇਕ ਮਿਸਾਲ ਮਹਿਤਪੁਰ ਨਜ਼ਦੀਕ ਪਿੰਡ ਆਦਰਮਾਨ ਵਿਖੇ ਵੇਖਣ ਨੂੰ ਮਿਲੀ । ਇਸ ਮੌਕੇ ਮਹੋਲ ਦੇਖਣ ਯੋਗ ਸੀ ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀਕੇਯੂ ਪੰਜਾਬ ਦੇ ਸੂਬਾ ਵਾਇਸ ਪ੍ਰਧਾਨ ਨਰਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਅੱਜ ਖੁਸ਼ੀ ਦਾ ਦਿਨ ਹੈ ਕਰੀਬ ਪੈਂਤੀ ਸਾਲ ਬਾਅਦ ਇਕ ਹੀ ਸਕੂਲ ਵਿੱਚ ਇਕ ਹੀ ਕਲਾਸ ਦਸਵੀਂ ਦੇ ਰਹੇ ਵਿਦਿਆਰਥੀ ਅੱਜ ਅਸੀਂ ਕੁਦਰਤੀ ਇਕੱਠੇ ਹੋਏ ਹਾਂ । ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪਰਮਾਤਮਾ ਦੀ ਕਿਰਪਾ ਨਾਲ ਅਸੀਂ ਸਭ ਸਹੀ ਸਲਾਮਤ ਹਾਂ ਅਤੇ ਇਕ ਦੂਜੇ ਦੀ

ਤੰਦਰੁਸਤੀ ਅਤੇ ਲੰਮੀ ਉਮਰ ਦੇ ਨਾਲ ਨਾਲ ਖੁਸ਼ਹਾਲ ਜ਼ਿੰਦਗੀ ਦੀ ਕਾਮਨਾ ਕਰਦੇ ਹਾਂ। ਇਸ ਮੌਕੇ ਉਘੇ ਗਾਇਕ ਚੰਨ ਪ੍ਰਦੇਸੀ ਨੇ ਭਾਵੁਕ ਹੁੰਦਿਆਂ ਜਿਥੇ ਖੁਸ਼ੀ ਦੇ ਪਲ ਸਾਂਝੇ ਕੀਤੇ ਅਤੇ ਉਥੇ ਦੋਸਤਾਂ ਨੇ ਸਕੂਲ ਟਾਈਮ ਦੀਆਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕੀਤਾ ਉਥੇ ਗੀਤਕਾਰ ਘਾਰੂ ਵੱਲੋਂ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਪੈਂਤੀ ਸਾਲਾਂ ਬਾਅਦ ਇਕੱਠੇ ਹੋਏ ਸਕੂਲ ਦੇ ਇਨ੍ਹਾਂ ਕਲਾਸਮੇਟ ਦੋਸਤਾਂ ਵੱਲੋਂ ਜਸ਼ਨ ਏ ਮੁਹੱਬਤ ਦੇ ਸਿਰਲੇਖ ਹੇਠ ਭਾਈਚਾਰੇ ਦੀਆਂ ਤੰਦਾਂ ਨੂੰ ਹੋਰ ਪੀਡਾ ਕਰਦਿਆਂ ਮੁਹੱਬਤ ਦਾ ਪੈਗਾਮ ਦਿੰਦਿਆਂ ਖੁਸ਼ੀ ਵਿੱਚ ਇੱਕ ਪ੍ਰੋਗਰਾਮ ਮਨਾਇਆ ਜਿਸ ਨੇ ਇਸ ਯਾਦਗਾਰ ਮਿਲਣੀ ਨੂੰ ਇਕ ਅਭੁੱਲ ਯਾਦਗਾਰ ਬਣਾ ਦਿੱਤਾ। ਇਸ ਮੌਕੇ ਨਰਿੰਦਰ ਸਿੰਘ ਬਾਜਵਾ, ਮਨਜੀਤ ਸਿੰਘ, ਰਾਜਾ, ਗਾਇਕ ਚੰਨ ਪ੍ਰਦੇਸੀ , ਗਾਇਕ ਦਿਲਦਾਰ ਸਿੰਘ ਦਿਲ, ਰਜਿੰਦਰ ਮਸੀਹ , ਗੀਤਕਾਰ ਜਗੀਰ ਚੰਦ ਘਾਰੂ, ਬਲਦੇਵ ਹਾਂਸ , ਜਸਵੀਰ ਸਿੰਘ ਹਾਂਸ, ਤੋਂ ਇਲਾਵਾ ਬੀ ਕੇ ਯੂ ਦੇ ਕੋਰ ਕਮੇਟੀ ਮੈਂਬਰ ਸੋਢੀ ਸਿੰਘ ਸਰਪੰਚ ਵੀ ਹਾਜ਼ਰ ਸਨ।

ਨ੍ਰਿਤਿਆਕਲਾ 2026 ਡਾਂਸ ਅਤੇ ਪ੍ਰਤਿਭਾ ਦਾ ਇੱਕ ਸ਼ਾਨਦਾਰ ਹੁਨਰ ਸਮਾਰੋਹ ਆਯੋਜਿਤ ਕੀਤਾ ਗਿਆ

ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰਪਾਲ ਸਿੰਘ ਕਲੇਰ) ਯੂਨੀਵਰਸਿਟੀ ਸਕੂਲ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਯੂ ਐਸ ਈ ਟੀ), ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਦੇ ਅਧੀਨ ਕੈਲੀਡੋਸਕੋਪ ਕਲਚਰਲ ਕਲੱਬ ਨੇ ਯੂਨੀਵਰਸਿਟੀ ਕੈਂਪਸ ਵਿਖੇ ਨ੍ਰਿਤਿਆਕਲਾ 2026 ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਹ ਸਮਾਗਮ ਇੱਕ ਜੀਵੰਤ ਸੱਭਿਆਚਾਰਕ ਸਮਾਰੋਹ ਦੇ ਰੂਪ ਵਿੱਚ ਸਾਹ-ਮਣੇ ਆਇਆ, ਜਿਸਨੇ ਕੈਂਪਸ ਨੂੰ ਤਾਲ, ਰਚਨਾਤਮਕਤਾ ਅਤੇ ਕਲਾਤਮਕ ਪ੍ਰਗਟਾਵੇ ਦੇ ਇੱਕ ਗਤੀਸ਼ੀਲ ਸਥਾਨ ਵਿੱਚ ਬਦਲ ਦਿੱਤਾ।

ਯੂਨੀਵਰਸਿਟੀ, ਨ੍ਰਿਤਿਆਕਲਾ ਦੇ ਕੈਲੀਡੋਸਕੋਪ ਕਲਚਰਲ ਕਲੱਬ ਦੁਆਰਾ ਸੰਕਲਪਿਤ, ਕਿਉਰੇਟ ਕੀਤਾ ਗਿਆ ਅਤੇ ਸਹਿਜੇ ਹੀ ਚਲਾਇਆ ਗਿਆ, ਵਿਦਿਆਰਥੀਆਂ ਲਈ ਸੋਲੋ, ਦੋਵੇਂ ਅਤੇ ਗਰੁੱਪ ਡਾਂਸ ਸ਼੍ਰੇਣੀਆਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਵਿਭਿੰਨ ਪਲੇਟਫਾਰਮ ਵਜੋਂ ਕੰਮ ਕੀਤਾ, ਜਦੋਂ ਕਿ ਗਾਇਕੀ ਅਤੇ ਸ਼ਾਇਰੀ ਲਈ ਓਪਨ ਮਾਈਕ ਸੈਸ਼ਨਾਂ ਰਾਹੀਂ ਸਵੈ-ਚਾਲਿਤ ਕਲਾਤਮਕ ਪ੍ਰਗਟਾਵੇ ਨੂੰ ਵੀ ਉਤਸ਼ਾਹਿਤ ਕੀਤਾ ਗਿਆ। ਉਤਸ਼ਾਹੀ ਭਾਗੀਦਾਰੀ ਅਤੇ ਸੁਚਾਰੂ ਤਾਲਮੇਲ ਨੇ ਅਕਾਦਮਿਕ ਤੋਂ ਪਰੇ ਸੱਭਿਆਚਾਰਕ ਸ਼ਮੂਲੀਅਤ ਅਤੇ ਸੰਪੂਰਨ ਵਿਦਿਆਰਥੀ ਹੁਨਰ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਕਲੱਬ ਦੀ ਵਚਨਬੱਧਤਾ ਨੂੰ ਦਰਸਾਇਆ।

ਮਾਨਯੋਗ ਵਾਈਸ ਚਾਂਸਲਰ ਡਾ. ਏ. ਐਸ. ਚਾਵਲਾ, ਅਤੇ ਡਾ. ਬੀ. ਐਸ. ਸਤਿਆਲ, ਰਜਿਸਟਰਾਰ, ਨੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਟੀਮ ਯਤਨਾਂ ਦੀ ਸ਼ਲਾਘਾ ਕੀਤੀ। ਸ਼੍ਰੀ ਵਿਮਲ ਮਨਹੋਤਰਾ, ਮੁੱਖ ਕਾਰਜਕਾਰੀ ਅਧਿਕਾਰੀ, ਡਾ. ਐਚ. ਪੀ. ਐਸ. ਧਾਮੀ, ਕਾਰਜਕਾਰੀ ਡੀਨ, ਯੂ.ਐਸ.ਈ.ਟੀ., ਪੀ. ਕੇ. ਵਰਮਾ (ਐਚ ਆਰ) ਡਾ. ਆਸ਼ੂਤੋਸ਼, ਡੀਨ, ਡਾ. ਵੀ. ਕੇ. ਸੈਣੀ, ਪ੍ਰੋ. ਨਰਿੰਦਰ ਭੁੰਬਲਾ ਪੀ.ਆਰ.ਓ. ਯੂਨੀਵਰਸਿਟੀ ਦੇ ਨਾਲ-ਨਾਲ ਕਈ ਫੈਕਲਟੀ

ਮੈਂਬਰ ਵੀ ਮੌਜੂਦ ਸਨ ਜਿਨ੍ਹਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਵਿਦਿਆਰਥੀਆਂ ਨੂੰ ਆਪਣੇ ਸਮਰਥਨ ਅਤੇ ਉਤਸ਼ਾਹ ਨਾਲ ਉਤਸ਼ਾਹਿਤ ਕੀਤਾ। ਪਤਵੰਤਿਆਂ ਦੇ ਪ੍ਰੇਰਨਾਦਾਇਕ ਸ਼ਬਦਾਂ ਨੇ ਵਿਦਿਆਰਥੀਆਂ ਨੂੰ ਰਚਨਾਤਮਕਤਾ, ਅਨੁਸ਼ਾਸਨ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਅਪਣਾਉਂਦੇ ਹੋਏ ਉੱਤਮਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਡਾਂਸ ਪ੍ਰਦਰਸ਼ਨਾਂ ਦਾ ਮੁਲਾਂਕਣ ਸ਼੍ਰੀਮਤੀ ਨੇਹਾ ਸ਼ਰਮਾ, ਸ਼੍ਰੀਮਤੀ ਨਿਸ਼ਕਰਨ ਪ੍ਰੀਤ ਅਤੇ ਸ਼੍ਰੀਮਤੀ ਗੀਤਿਕਾ ਸੈਣੀ ਵਾਲੇ ਜੱਜਾਂ ਦੇ ਪੈਨਲ ਦੁਆਰਾ ਕੀਤਾ ਗਿਆ, ਜਿਨ੍ਹਾਂ ਦੀ ਮੁਹਾਰਤ ਅਤੇ ਨਿਰਪੱਖ ਨਿਰਣੇ ਨੇ ਪ੍ਰੋਗਰਾਮ ਦੀ ਮੁਕਾਬਲੇ ਵਾਲੀ ਭਾਵਨਾ ਨੂੰ ਅਮੀਰ ਬਣਾਇਆ।

ਪ੍ਰੋਗਰਾਮ ਕੋਆਰਡੀਨੇਟਰ ਪ੍ਰੋ. ਸੁਖਵਿੰਦਰ ਕੌਰ ਨ੍ਰਿਤਯਕਲਾ 2026 ਨੇ ਦੱਸਿਆ ਕਿ ਪ੍ਰੋਗਰਾਮ ਵਿੱਚ ਸਮੂਹ, ਜੋੜੀ ਅਤੇ ਸੋਲੋ ਡਾਂਸ ਸ਼੍ਰੇਣੀਆਂ ਵਿੱਚ ਪ੍ਰਦਰਸ਼ਨਾਂ ਦੀ ਇੱਕ ਸ਼ਾਨਦਾਰ ਸ਼੍ਰੇਣੀ ਸੀ, ਹਰੇਕ ਰਚਨ-ਾਤਮਕਤਾ, ਤਾਲਮੇਲ ਅਤੇ ਭਾਵਪੂਰਨ ਕਹਾਣੀ ਸੁਣਾਉਣ ਦੁਆਰਾ ਵੱਖਰਾ ਸੀ। ਸਮੂਹ ਸ਼੍ਰੇਣੀ ਵਿੱਚ, ਚਾਰਦਾ ਪੰਜਾਬ ਨੇ ਇੱਕ ਸ਼ਕਤੀਸ਼ਾਲੀ ਅਤੇ ਊਰਜਾਵਾਨ ਪ੍ਰਦਰਸ਼ਨ ਨਾਲ ਜੇਤੂ ਸਥਾਨ ਪ੍ਰਾਪਤ ਕੀਤਾ, ਜਿਸ ਤੋਂ ਬਾਅਦ ਅਭਿਨਵ ਅਤੇ ਟੀਮ ਦੂਜੇ ਸਥਾਨ 'ਤੇ ਰਹੀ। ਇਸ ਜੋੜੀ ਸ਼੍ਰੇਣੀ ਵਿੱਚ ਆਸ਼ੀਮਾ ਅਤੇ ਆਹਾਨਾ ਵੱਲੋਂ ਇੱਕ ਸ਼ਾਨਦਾਰ ਅਤੇ ਸਮਕਾਲੀ ਪੇਸ਼ਕਾਰੀ ਦੇਖਣ ਨੂੰ ਮਿਲੀ, ਜੋ ਜੇਤੂ ਬਣ ਕੇ ਉਭਰੀ, ਜਦੋਂ ਕਿ ਵੰਸ਼ਿਕਾ ਅਤੇ ਲੀਸ਼ਾ ਆਪਣੀ ਸੁਧਰੀ ਸਟੇਜ ਮੌਜੂਦਗੀ ਨਾਲ ਦੂਜੇ ਸਥਾਨ 'ਤੇ ਰਹੀਆਂ। ਸੋਲੋ ਸ਼੍ਰੇਣੀ ਵਿੱਚ, ਮੁਸਕਾਨ (ਫਾਰਮੇਸੀ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਯਮੁਨਾ (ਐਮ ਸੀ ਏ) ਦੂਜੇ ਸਥਾਨ 'ਤੇ ਰਹੀ।

ਨ੍ਰਿਤਿਆਕਲਾ 2026 ਨੇ ਵਿਦਿਆਰਥੀ ਸਟਾਲਾਂ ਦੇ ਸੰਗਠਨ ਰਾਹੀਂ ਵਿਦਿਆਰਥੀ ਉੱਦਮਤਾ ਅਤੇ ਰਚਨਾਤਮਕਤਾ ਨੂੰ ਵੀ ਉਤਸ਼ਾਹਿਤ ਕੀਤਾ, ਜਿਸ ਨਾਲ ਨੌਜਵਾਨ ਸਿਰਜਣਹਾਰਾਂ, ਭੋਜਨ ਪ੍ਰੇਮੀਆਂ ਅਤੇ ਸਟਾਰਟਅੱਪਸ ਨੂੰ ਕੈਂਪਸ ਦੇ ਇੱਕ ਵੱਡੇ ਦਰਸ਼ਕਾਂ ਨੂੰ ਆਪਣੇ ਉਤਪਾਦਾਂ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਿਆ। ਇਸ ਪਹਿਲਕਦਮੀ ਨੇ ਸਮਾਗਮ ਦੌਰਾਨ ਵਿਦਿਆਰਥੀਆਂ ਦੀ ਸ਼ਮੂਲੀਅਤ ਅਤੇ ਸ਼ਮੂਲੀਅਤ ਨੂੰ ਹੋਰ ਮਜ਼ਬੂਤ ਕੀਤਾ।

ਪ੍ਰੋ. ਮੀਨਾਕਸ਼ੀ ਸ਼ਰਮਾ ਨੇ ਧੰਨਵਾਦ ਕੀਤਾ ਅਤੇ ਕਿਹਾ ਕਿ ਨ੍ਰਿਤਿਆਕਲਾ 26 ਦੀ ਸਫਲ ਐਗਜ਼ੀਕਿਊਸ਼ਨ ਲੈਮਰਿਨ ਟੈਕ ਸਕਿਲਜ਼ ਯੂਨੀਵਰਸਿਟੀ ਪੰਜਾਬ, ਇਫੋਸ, ਦ੍ਰਿਸ਼ਟੀ, ਅਤੇ ਕੈਲੀਡੋਸਕੋਪ ਕਲਚਰਲ ਕਲੱਬ ਦੇ ਕੀਮਤੀ ਸਮਰਥਨ ਅਤੇ ਸਪਾਂਸਰਸ਼ਿਪ ਦੁਆਰਾ ਸੰਭਵ ਹੋਇਆ, ਜਿਨ੍ਹਾਂ ਦੇ ਯੋਗਦਾਨ ਨੇ ਜਸ਼ਨ ਦੇ ਪੈਮਾਨੇ ਅਤੇ ਪ੍ਰਭਾਵ ਨੂੰ ਮਹੱਤਵਪੂਰਨ ਤੌਰ 'ਤੇ ਵਧਾਇਆ।

ਨ੍ਰਿਤਿਆਕਲਾ 2026 ਲੈਮਰਿਨ ਟੈਕ ਸਕਿਲਜ਼ ਯੂਨੀਵਰਸਿਟੀ ਪੰਜਾਬ ਵਿਖੇ ਇੱਕ ਯਾਦਗਾਰ ਸੱਭਿਆਚਾਰਕ ਮੀਲ ਪੱਥਰ ਵਜੋਂ ਸਮਾਪਤ ਹੋਇਆ।

ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ, ਜਿੱਥੇ ਰਚਨਾਤਮਕਤਾ ਨਵੀਨਤਾ ਨਾਲ ਮਿਲਦੀ ਹੈ ਅਤੇ ਪ੍ਰਤਿਭਾ ਮੌਕੇ ਨਾਲ ਮਿਲਦੀ ਹੈ, ਸੱਚਮੁੱਚ ਖੋਜ ਕਰਨ ਅਤੇ ਅੱਗੇ ਵਧਣ ਲਈ ਇੱਕ ਸ਼ਾਨਦਾਰ ਜਗ੍ਹਾ ਸਾਬਤ ਹੋ ਰਹੀ ਹੈ।

ਗੁਰੂ ਨਾਨਕ ਦੇਵ ਜੀ ਨੂੰ ਨੀਵਾਂ ਦਿਖਾ ਆਪਣੇ ਬਾਬੇ ਦੀ ਉਪਮਾ ਕਰਨ ਵਾਲੇ ਗੁਰਜੰਟ ਸਿੰਘ ਨੂੰ ਸ੍ਰੀ ਅਕਾਲ ਤਖਤ ਉੱਤੇ ਤਲਬ ਕੀਤਾ

ਬਲਬੀਰ ਸਿੰਘ ਬੱਬੀ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ ਉਹਨਾਂ ਨੇ ਗੁਰਬਾਣੀ ਰਚੀ ਤੇ ਸਮੁੱਚੀ ਦੁਨੀਆਂ ਵਿੱਚ ਗੁਰਬਾਣੀ ਦਾ ਪ੍ਰਚਾਰ ਕੀਤਾ ਸੱਚ ਦੇ ਮਾਰਗ ਉੱਤੇ ਚੱਲਣ ਵਹਿਮਾਂ ਭਰਮਾਂ ਪਖੰਡਾਂ ਤੋਂ ਦੂਰ ਰਹਿਣ ਦੇ ਇੱਕ ਨਹੀਂ ਅਨੇਕਾਂ ਉਪਦੇਸ਼ ਗੁਰਬਾਣੀ ਵਿੱਚ ਦਿੱਤੇ ਹਨ ਉਸ ਵੇਲੇ ਵੀ ਗੁਰੂ ਨਾਨਕ ਦੇਵ ਜੀ ਦਾ ਵਿਰੋਧ ਕਰਨ ਵਾਲੇ ਲੋਕ ਸਨ ਜਿਨਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਭੂਤਨਾ ਬੇਤਾਲਾ ਤੱਕ ਕਿਹਾ ਪਰ ਗੁਰੂ ਨਾਨਕ ਦੇਵ ਜੀ ਆਪਣੇ ਪ੍ਰਚਾਰ ਨੂੰ ਸਮਰਪਿਤ ਰਹੇ ਉਹਨਾਂ ਦੀ ਰਚੀ ਗੁਰਬਾਣੀ ਤੋਂ ਇੱਕ ਨਹੀਂ ਅਨੇਕਾਂ ਸੰਖਿਆਵਾਂ ਮਿਲ ਰਹੀਆਂ ਹਨ ਤੇ ਸਮੁੱਚੀ ਦੁਨੀਆਂ ਦੇ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਜੁੜ ਕੇ ਗੁਰਬਾਣੀ ਪੜ੍ਹੀ ਵਿਚਾਰਨੀ ਕਥਾ ਕੀਰਤਨ ਆਦਿ ਕਰਕੇ ਜਿੱਥੇ ਸਿੱਖੀ ਦਾ ਪ੍ਰਚਾਰ ਕਰ ਰਹੇ ਹਨ ਉਥੇ ਅਨੇਕਾਂ ਪ੍ਰਾਣੀ ਆਪਣਾ ਜੀਵਨ ਸਫਲ ਕਰ ਰਹੇ ਹਨ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਕਾਲ ਦੇ ਸਮੇਂ ਦਰਮਿਆਨ ਅਨੇਕਾਂ ਗੁਰੂ ਦੋਖੀਆਂ ਨੇ ਕਿਸੇ ਨਾ ਕਿਸੇ ਤਰੀਕੇ ਨਾਲ ਗੁਰੂ ਘਰ

ਅਤੇ ਗੁਰੂਆਂ ਦਾ ਵਿਰੋਧ ਕੀਤਾ ਅਨੇਕਾਂ ਗੁਰੂਆਂ ਭਗਤਾਂ ਸੂਰਬੀਰ ਯੋਧਿਆਂ ਫਕੀਰਾਂ ਨੂੰ ਤਸੀਹੇ ਤੱਕ ਦਿੱਤੇ ਗਏ ਇਹ ਤਾਂ ਸਿੱਖ ਧਰਮ ਤੇ ਸਿੱਖੀ ਉੱਪਰ ਬਾਹਰੋਂ ਹਮਲਾ ਕਰਨ ਵਾਲੇ ਸਨ ਪਰ ਜਿਹੜੇ ਆਪਣੇ ਸਿੱਖੀ ਸਰੂਪ ਨੂੰ ਕਾਇਮ ਰੱਖ ਕੇ ਗੁਰੂ ਨਾਨਕ ਦੇਵ ਜੀ ਜਾਂ ਸਿੱਖ ਇਤਿਹਾਸ ਵਿਰੁੱਧ ਬੋਲਦੇ ਹਨ ਉਹਨਾਂ ਨੂੰ ਕੀ ਕਿਹਾ ਜਾਵੇ ਇਸੇ ਤਰ੍ਹਾਂ ਹੀ ਬੀਤੇ ਦਿਨੀ ਇੱਕ ਕੀਰਤਨ ਵਿਖਿਆਨ ਦੀ ਵੀਡੀਓ ਸਾਹਮਣੇ ਆਈ ਸੀ। ਜਿਸ ਵਿੱਚ ਕੀਰਤਨ ਕਰ ਰਿਹਾ ਗੁਰਜੰਟ ਸਿੰਘ ਜੋ ਬਰਨਾਲਾ ਨਾਲ ਸੰਬੰਧਿਤ ਹੈ ਇਹ ਕਹਿ ਰਿਹਾ ਸੀ ਕਿ ਜੇਕਰ ਅੱਜ ਗੁਰੂ ਨਾਨਕ ਦੇਵ ਜੀ ਆ ਜਾਣ ਤਾਂ ਉਸ ਤੋਂ ਪਹਿਲਾਂ ਅਸੀਂ ਆਪਣੇ ਬਾਬੇ ਅਤਰ ਸਿੰਘ ਮਸਤੂਆਣਾ ਸਾਹਿਬ ਦਾ ਸਤਿਕਾਰ ਕਰਾਂਗੇ ਕਿਉਂਕਿ ਗੁਰੂ ਨਾਨਕ ਦੇਵ ਜੀ ਤੋਂ ਬਾਬਾ ਅਤਰ ਸਿੰਘ ਜੀ ਵੱਡੇ ਹਨ ਅਜਿਹਾ ਕੁਝ ਇਸ ਨੇ ਇਕ ਕੀਰਤਨ ਵਿਖਿਆਨ ਦੌਰਾਨ ਸਟੇਜ ਉੱਪਰ ਕਿਹਾ ਜਿੱਥੇ ਵੱਡੀ ਗਿਣਤੀ ਵਿੱਚ ਸੰਗਤ ਜੁੜੀ ਹੋਈ ਸੀ। ਉਸ ਤੋਂ ਬਾਅਦ ਸਾਰਿਆਂ ਨੇ ਹੀ ਬੁਰਾ ਮਨਾਇਆ ਤੇ ਅਖੀਰ ਨੂੰ ਉਸ ਦੀ ਸ਼ਿਕਾਇਤ ਸ੍ਰੀ ਅਕਾਲ ਤਖਤ ਸਾਹਿਬ ਉਪਰ ਕਰ ਦਿੱਤੀ ਤੇ ਹੁਣ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਗੁਰਜੰਟ ਸਿੰਘ ਕੀਰਤਨੀਏ ਨੂੰ ਤਲਬ ਕੀਤਾ ਹੈ। ਸ਼੍ਰੀ ਅਕਾਲ ਤਖਤ ਸਾਹਿਬ ਦੇ ਲੈਟਰ ਪੈਡ ਉੱਪਰ ਗੁਰਜੰਟ ਸਿੰਘ ਦਾ ਨਾਮ ਦਰਜ ਕਰਕੇ ਉਸ ਤੱਕ ਇਸ ਸੁਨੇਹਾ ਪਹੁੰਚਾ ਦਿੱਤਾ ਗਿਆ ਹੈ ਤੇ ਆਉਣ ਵਾਲੀ ਨੌ ਫਰਵਰੀ ਨੂੰ ਉਸ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰ ਵਿੱਚ ਪੇਸ਼ ਕਰਦੇ ਹੁਕਮ ਪੇਸ਼ ਹੋਣ ਦੇ ਹੁਕਮ ਦਿੱਤੇ ਗਏ ਹਨ।

ਜਦੋਂ ਗੁਰਜੰਟ ਸਿੰਘ ਦੀ ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੂੰ

ਸਕੱਤਰੇਤ
ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ
Secretariat
Sri Akal Takhat Sahib, Sri Amritsar Sahib

ਨੰਬਰ...ਕੇ:ਤ:ਸ/ਦ/੬੭ ਮਿਤੀ ੦੬-੦੨-੨੦੨੬

ਗੁਰਜੰਟ ਸਿੰਘ
ਬਰਨਾਲਾ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ।

ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿਛਲੇ ਦਿਨੀਂ ਤੁਹਾਡੇ ਵੱਲੋਂ ਇੱਕ ਗੁਰਮਤਿ ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਦਬ ਅਤੇ ਸਤਿਕਾਰ ਦੇ ਖਿਲਾਫ ਟਿਪਣੀਆਂ ਕੀਤੀਆਂ ਗਈਆਂ ਹਨ, ਜਿਸ ਕਰਕੇ ਸੰਗਤਾਂ ਦੇ ਮਨਾ ਵਿਚ ਭਾਰੀ ਰੋਸ ਹੈ। ਇਸ ਸਬੰਧੀ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਆਦੇਸ਼ ਕੀਤਾ ਹੈ ਕਿ ਆਪ ਨੇ ਇਸ ਕੀਤੀ ਅਵੱਗਿਆ ਲਈ ਮਿਤੀ ੦੯ ਫਰਵਰੀ ੨੦੨੬ ਦਿਨ ਸੋਮਵਾਰ ਨੂੰ ਸਵੇਰੇ ੧੦.੦੦ ਵਜੇ ਆਪਣਾ ਲਿਖਤੀ ਸਪੱਸ਼ਟੀਕਰਨ ਦਫ਼ਤਰ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਿੱਜੀ ਰੂਪ ਵਿਚ ਪੇਸ਼ ਹੋ ਕੇ ਦੇਣਾ ਹੈ।

ਧੰਨਵਾਦ ਸਹਿਤ,

(ਬਗੀਚਾ ਸਿੰਘ)
ਇੰਚਾਰਜ,
ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ,
ਸ੍ਰੀ ਅੰਮ੍ਰਿਤਸਰ।

ਨੀਵਾਂ ਦਿਖਾਉਣ ਦੀ ਇਤਰਾਜਯੋਗ ਵੀਡੀਓ ਕਲਿੱਪ ਸੋਸ਼ਲ ਮੀਡੀਆ ਉੱਪਰ ਆਏ ਤਾਂ ਅਨੇਕਾਂ ਧਾਰਮਿਕ ਪ੍ਰਚਾਰਕਾਂ ਬਾਬਿਆਂ ਕਥਾ ਵਾਚਕਾਂ ਤੇ ਆਮ ਲੋਕਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਬੁਰਾ ਮਨਾਇਆ। ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਹੈ ਕਿ ਸ਼੍ਰੀ ਅਕਾਲ ਤਖਤ ਸਾਹਿਬ ਦੇ ਨੇ ਜਥੇਦਾਰ ਨੇ ਗੁਰਜੰਟ ਸਿੰਘ ਨੂੰ ਬੁਲਾ ਕੇ ਬਹੁਤ ਵਧੀਆ ਕੰਮ ਕੀਤਾ ਹੈ ਕੱਲ ਨੂੰ ਕੋਈ ਇਹੋ ਜਿਹੇ ਹੋਰ ਸਿੱਖੀ ਬਾਣੇ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਸਿੱਖ ਧਰਮ ਵਿਰੁੱਧ ਊਟ ਪਟਾਂਗ ਬੋਲਣਗੇ ਤਾਂ ਉਸ ਸੁਚੇਤ ਹੋ ਜਾਣਗੇ ਜਿਹੜਾ ਵੀ ਕੋਈ ਗੁਰੂ ਜਾਂ ਸਿੱਖ ਇਤਿਹਾਸ ਦਾ ਵਿਰੋਧ ਇਸ ਤਰ੍ਹਾਂ ਕਰਦਾ ਹੈ ਉਸ ਦਾ ਵਿਰੋਧ ਕਰਨਾ ਬਹੁਤ ਜਰੂਰੀ ਹੈ।

ਪੱਥਰ ਦਿਲ ਲੋਕ

ਸੁਰਜੀਤ ਸਿੰਘ ਦਾ ਸਾਰਾ ਪਰਿਵਾਰ ਵਿਦੇਸ਼ ਤੋਂ ਇੰਡੀਆ ਘੁੰਮਣ ਆਇਆ ਹੋਇਆ ਸੀ। ਉਹਨਾਂ ਨੂੰ ਆਇਆਂ ਨੂੰ ਮਹੀਨਾ ਕੁ ਹੋ ਗਿਆ ਸੀ।ਹਜੇ ਮਹੀਨਾ ਡੇਢ ਮਹੀਨਾ ਹੋਰ ਰਹਿਣਾ ਸੀ। ਪਹਿਲਾ ਮਹੀਨਾ ਤਾਂ ਮਿਲ਼ਣ ਗਿਲਣ ਵਿੱਚ ਹੀ ਨਿਕਲ ਜਾਂਦਾ ਹੈ।ਡੇਢ ਕੁ ਮਹੀਨੇ ਬਾਅਦ ਉਹਨਾਂ ਦੀ ਇੱਕ ਰਿਸ਼ਤੇਦਾਰ ਸੁਰਿੰਦਰ ਨੇ ਵੀ ਸੋਚਿਆ, ਕਿ ਚਲੋ ਸਾਰੇ ਪਰਿਵਾਰ ਨੂੰ ਆਏ ਨੂੰ ਵਾਹਵਾ ਦੇਰ ਹੋ ਗਈ ਹੈ,ਜਾ ਕੇ ਮਿਲ਼ ਹੀ ਆਈਏ। ਉਹ ਆਪਣੀ ਨੂੰਹ ਨੂੰ ਨਾਲ ਲੈਕੇ ਮਿਲ਼ਣ ਚਲੀ ਗਈ। ਉਹਨਾਂ ਦੇ ਘਰ ਵਿੱਚ ਦੋ ਨੌਕਰਨੀਆਂ ਤੁਰੀਆਂ ਫਿਰਦੀਆਂ ਸਨ ਜਿਨ੍ਹਾਂ ਵੱਲ ਮੱਲੋਮੱਲੀ ਧਿਆਨ ਖਿੱਚਿਆ ਜਾਂਦਾ ਕਿਉਂ ਕਿ ਉਹ ਆਏ ਗਏ ਦੀ ਪੁੱਛ ਗਿੱਛ ਕਰਦੀਆਂ,ਸਭ ਨੂੰ ਚਾਹ ਪਾਣੀ ਵੀ ਆਪ ਹੀ ਦਿੰਦੀਆਂ ਭਾਵ ਚੁੱਲ੍ਹਾ ਚੌਂਕਾ ਉਹਨਾਂ ਦੋਹਾਂ ਜਾਣੀਆਂ ਨੇ ਸੰਭਾਲਿਆ ਹੋਇਆ ਸੀ । ਸੁਰਜੀਤ ਸਿੰਘ ਦੀ ਪਤਨੀ ਹਰਜੀਤ ਕੌਰ ਬਹੁਤ ਪਿਆਰ ਨਾਲ ਮਿਲ਼ੀ ਤੇ ਹਾਲ ਚਾਲ ਪੁੱਛਿਆ।ਬੈਠ ਕੇ ਹੋਰ ਸਭ ਗੱਲਾਂ ਬਾਤਾਂ ਕਰਕੇ ਨੌਕਰਾਣੀਆਂ ਬਾਰੇ ਆਪ ਹੀ ਸੁਰਿੰਦਰ ਨੂੰ ਆਖਣ ਲੱਗੀ,"ਭੈਣ ਜੀ, ਉੱਥੇ ਤਾਂ ਸਾਰੇ ਅੰਦਰ ਬਾਹਰ ਦੇ ਕੰਮ ਵੀ ਆਪ ਹੀ ਕਰਨੇ ਪੈਂਦੇ ਨੇ.....ਹਣ ਐਥੇ ਜਿਹੜੇ ਚਾਰ ਦਿਨ ਵੈਕੇਸ਼ਨ ਕੱਟਣ ਆਏਂ ਆਂ ਓਹਨੂੰ ਅਰਾਮ ਨਾਲ ਕੱਟੀਏ..... ਨਾਲ਼ੇ ਆਇਆ ਗਿਆ ਬਹੁਤ ਰਹਿੰਦਾ..... ਹੁਣ ਭੈਣ ਭਾਈ ਜੀਹਨੂੰ ਪਤਾ ਲੱਗਦਾ ....ਮਿਲਣ ਤਾਂ ਆਉਂਦਾ ਈ ਆ.....ਇਸ ਕਰਕੇ ਦੋਵੇਂ ਜਾਣੀਆਂ ਕੰਮ ਨੂੰ ਲਾ ਲਈਆਂ ਨੇ।"

"ਚਲੋ ਵਧੀਆ ਕੀਤਾ ਭੈਣ ਜੀ.....ਜੇ ਇੱਥੇ ਆ ਕੇ ਵੀ ਕੰਮ ਚ ਈ ਲੱਗੇ ਰਹੇ ਤਾਂ ਕੀ ਫਾਇਦਾ ਐਡੀ ਦੂਰੋਂ ਆਇਆਂ ਦਾ....!" ਸੁਰਿੰਦਰ ਨੇ ਸਹਿਮਤੀ ਪ੍ਰਗਟਾਉਂਦਿਆਂ ਆਖਿਆ। ਉਹ ਆਪਸ ਵਿੱਚ ਹਾਸਾ ਠੱਠਾ ਕਰਦੀਆਂ ਰਹੀਆਂ ,ਜਦ ਤੱਕ ਦੁਪਹਿਰ ਨੂੰ ਰੋਟੀ ਦਾ ਟਾਈਮ ਹੋ ਗਿਆ। ਹਰਜੀਤ ਕੌਰ ਨੇ ਇੱਕ ਨੂੰ ਕੋਲ਼ ਬੁਲਾ ਕੇ ਰੋਟੀ ਲਿਆਉਣ ਨੂੰ ਕਿਹਾ।ਉਹ ਦੋਵੇਂ ਨੌਕਰਨੀਆਂ ਅਸਲ ਵਿੱਚ ਦਰਾਣੀ ਜਠਾਣੀ ਹੀ ਸਨ। ਉਹਨਾਂ ਵਿੱਚੋਂ ਇੱਕ ਬੁਝੀ ਬੁਝੀ ਜਿਹੀ ਬਹੁਤ ਦੁੱਖਾਂ ਦੀ ਮਾਰੀ ਲੱਗਦੀ ਸੀ । ਵਕ਼ਤ ਦੀ ਮਾਰ ਨਾਲ ਉਸ ਦਾ ਸਰੀਰ ਵੀ ਕੱਠਾ ਜਿਹਾ ਹੋਇਆ ਪਿਆ ਲੱਗਦਾ ਸੀ।ਪਰ ਦੂਜੀ ਬੜੀ ਮੋਟੀ ਡਾਹਢੀ ਹੰਕਾਰੀ ਜਿਹੀ ਲੱਗਦੀ ਸੀ। ਸੁਰਿੰਦਰ ਦਾ ਧਿਆਨ ਉਹਨਾਂ ਵੱਲ ਵਾਰ ਵਾਰ ਜਾਂਦਾ ਸੀ। ਮਰੀਅਲ ਜਿਹੀ ਨੌਕਰਾਨੀ ਨੇ ਬੈਠੇ ਬਿਠਾਏ ਰਸੋਈ ਵਿੱਚ ਖਾਣਾ ਬਣਾਉਣ ਦਾ ਸਾਰਾ ਕੰਮ ਸੰਭਾਲਿਆ ਹੋਇਆ ਸੀ।ਤਕੜੀ ਨੇ ਤੋਰੇ ਫੇਰੇ ਤੇ ਖਾਣਾ ਪਾਣੀ ਪਰੋਸਣ ਦਾ ਕੰਮ ਸੰਭਾਲਿਆ ਹੋਇਆ ਸੀ। ਉਹਨਾਂ ਨੇ ਖਾਣਾ ਪਰੋਸਿਆ ਤੇ ਸਾਰਿਆਂ ਨੇ ਇਕੱਠੇ ਬੈਠ ਕੇ ਡਾਈਨਿੰਗ ਟੇਬਲ ਤੇ ਖਾਣਾ ਖਾਧਾ। ਉਸ ਨੇ ਬਹੁਤ ਹੀ ਸਵਾਦ ਖਾਣਾ ਬਣਾਇਆ ਸੀ । ਖਾਣਾ ਖਾ ਕੇ ਸਾਰੇ ਕਮਰੇ ਵਿੱਚ ਬੈਠ ਕੇ ਫਿਰ ਗੱਲਾਂ ਬਾਤਾਂ ਕਰਨ ਲੱਗੇ ਕਿਉਂਕਿ ਸੁਰਿੰਦਰ ਹੋਰਾਂ ਨੇ ਸ਼ਾਮ ਤੱਕ ਉੱਥੇ ਹੀ ਰੁਕਣਾ ਸੀ। ਐਨੇ ਨੂੰ ਉਹ ਮਰੀਅਲ ਜਿਹੀ ਨੌਕਰਾਨੀ ਆ ਕੇ ਹਰਜੀਤ ਨੂੰ ਪੁੱਛਣ ਲੱਗੀ," ਬੀਬੀ ਜੀ .... ਮੈਂ ਘਰ ਜਾ ਆਵਾਂ ....ਦੋ ਘੰਟੇ ਲਈ.... ਆਹ ਦੋ ਰੋਟੀਆਂ ਤੇ ਵਿੱਚ ਸੁੱਕੀ ਸਬਜ਼ੀ ਵਿੱਚੇ ਪਾ ਕੇ ਲੈ ਚੱਲੀ ਆਂ ਆਪਣੇ ਘਰ ਵਾਲੇ ਲਈ.....ਓਹਦਾ ਦਵਾਈ ਦਾ ਟਾਈਮ ਵੀ ਹੋ ਗਿਆ.... ਮੈਂ ਘਰੇ ਘੰਟਾ ਆਰਾਮ ਕਰਕੇ ਓਹਨੂੰ ਚਾਹ ਪਿਆ ਕੇ ਆ ਜਾਊਂਗੀ।" (ਕਹਿਕੇ ਉਹ ਹਰਜੀਤ ਨੂੰ ਰੋਟੀਆਂ ਦਿਖਾਉਣ ਲੱਗਦੀ ਹੈ)

ਹਰਜੀਤ ਓਹਨੂੰ ਟੋਕਦਿਆਂ ਆਖਦੀ ਹੈ,"ਲੈ ਦੱਸ ਦੋ ਰੋਟੀਆਂ ਨਾਲ਼ ਓਹਦਾ ਕੀ ਬਣਨਾ .... ਤੂੰ ਦੋ ਰੋਟੀਆਂ ਹੋਰ ਲੈ ਜਾ.... ਨਾਲ਼ੇ ਕਿਸੇ ਡੱਬੀ ਵਿੱਚ ਦਾਲ਼ ਵੀ ਲੈ ਜਾ।" ਉਹ ਉਸੇ ਤਰ੍ਹਾਂ ਹੀ ਕਰਦੀ ਹੈ ਤੇ ਚਲੇ ਜਾਂਦੀ ਹੈ।

ਜਦ ਨੂੰ ਦੂਜੀ ਉਹਨਾਂ ਕੋਲ ਆ ਕੇ ਫਰਸ਼ ਤੇ ਬੈਠ ਜਾਂਦੀ ਹੈ,ਮੌਕਾ ਦੇਖ ਕੇ ਹਰਜੀਤ ਨੂੰ ਆਖਦੀ ਹੈ,"ਬੀਜੀ ਤੁਸੀਂ ਤਾਂ ਓਹਨੂੰ ਬਾਹਲ਼ਾ ਈ ਸਿਰ ਚੜ੍ਹਾਈ ਜਾਨੇਂ ਓਂ..

..ਓਹਦੇ ਆਦਮੀ ਤੋਂ ਕਿਤੇ ਖਾਧੀਆਂ ਜਾਣੀਆਂ ਨੇ ਐਨੀਆਂ ਰੋਟੀਆਂ....?ਮਰਨ ਕਿਨਾਰੇ ਪਿਆ। (ਫਿਰ ਉਹ ਸੁਰਿੰਦਰ ਹੋਰਾਂ ਵੱਲ ਨੂੰ ਮੂੰਹ ਕਰਕੇ ਦੱਸਣ ਲੱਗੀ) ..... ਇਹਦੇ ਮੁੰਡੇ ਨੇ ਸੈਕਲ ਚੋਰੀ ਕਰ ਲਿਆ ਸੀ ਕਿਸੇ ਦਾ.... ਪੁਲਿਸ ਨੇ ਫੜ ਲਿਆ ਸੀ..... ਉਂ ਤਾਂ ਮੰਗਿਆ ਹੋਇਆ ਸੀ.....ਛੇ ਮਹੀਨੇ ਦੀ ਸਜ਼ਾ ਹੋਈ ਸੀ.....ਛੁੱਟ ਕੇ ਆਉਣਾ ਸੀ ਤਾਂ ਪੰਦਰਾਂ ਦਿਨਾਂ ਬਾਅਦ ਵਿਆਹ ਵੀ ਰੱਖਿਆ ਹੋਇਆ ਸੀ..... ਸਜ਼ਾ ਪੂਰੀ ਹੋਣ ਨੂੰ ਮਹੀਨਾ ਰਹਿੰਦਾ ਸੀ.....ਅੰਦਰੇ ਬੁਖਾਰ ਚੜ੍ਹ ਕੇ ਮਰ ਗਿਆ।" ਉਸ ਨੇ ਮਹਿਮਾਨਾਂ ਨੂੰ ਉਸ ਦੀ ਸਾਰੀ ਕਹਾਣੀ ਸੁਣਾਉਣ ਦਾ ਜਿਵੇਂ ਮਸਾਂ ਮੌਕਾ ਕੱਢਿਆ ਹੁੰਦਾ । ਉਸ ਨੇ ਤਾਂ ਬੜੇ ਖੁਸ਼ ਹੋ ਕੇ ਸਾਰੀ ਕਹਾਣੀ ਸੁਣਾਈ ਸੀ ਪਰ ਸੁਰਿੰਦਰ ਨੂੰ ਬਹੁਤ ਦੁੱਖ ਹੋਇਆ।ਉਹ ਸੋਚਣ ਲੱਗੀ ਕਿ ਉਸ ਦੇ ਪੁੱਤਰ ਨੇ ਆਪਣੀ ਕਰਨੀ ਦੀ ਸਜ਼ਾ ਤਾਂ ਭੁਗਤ ਲਈ ਸੀ ।ਜੇ ਆ ਕੇ ਉਸ ਦਾ ਵਿਆਹ ਹੋ ਜਾਂਦਾ ਤਾਂ ਇਸ ਦੇ ਘਰ ਦੀ ਰੌਣਕ ਦੁੱਗਣੀ ਹੋ ਜਾਂਦੀ....ਤੇ ਹੁਣ ਵਕਤ ਪਾਸ ਕਰ ਰਹੇ ਹਨ।ਉਸ ਨੂੰ ਦੂਜੀ ਨੌਕਰਾਨ ਤੇ ਬਹੁਤ ਗੁੱਸਾ ਆਇਆ ਕਿ ਕਿੰਨੇ ਪੱਥਰ ਦਿਲ ਲੋਕ ਹੁੰਦੇ ਹਨ ਕਿ ਕਿਸੇ ਦੇ ਦੁੱਖ ਨੂੰ ਵੀ ਮਸਾਲੇਦਾਰ ਕਹਾਣੀ ਬਣਾ ਕੇ ਸਭ ਨੂੰ ਦੱਸਦੇ ਫਿਰਦੇ ਹਨ।

ਬਰਜਿੰਦਰ ਕੌਰ ਬਿਸਰਾਓ...
9988901324

ਅਨੁਭਵਾਂ ਦਾ ਸਵਾਗਤ ਕਰੋ

ਕੀ ਪਤਾ ਕਿਹੜਾ ਅਨੁਭਵ ਕਦੋਂ ਕੰਮ ਆ ਜਾਵੇ, ਅਨੁਭਵਾਂ ਦਾ ਹਮੇਸ਼ਾ ਸਵਾਗਤ ਕਰੋ। ਅਨੁਭਵ ਟੱਕਰਾਂ ਮਾਰਕੇ ਪ੍ਰਾਪਤ ਹੁੰਦੇ ਹਨ। ਕਾਹਲੀ ਨਾ ਕਰੋ। ਸਬਰ ਨਾਲ ਸਭ ਕੁਝ ਮਿਲਦਾ ਹੈ। ਠੋਕਰਾਂ ਖਾ ਕੇ ਮਿਲੀ ਚੀਜ਼ ਦਾ ਆਨੰਦ ਹੀ ਵੱਖਰਾ ਹੁੰਦਾ ਹੈ। ਅਪਣੇ ਬੱਚਿਆਂ ਨੂੰ ਜਿੰਦਗੀ ਦੇ ਅਨੁਭਵਾਂ ਵਿੱਚ ਹੀ ਢਾਲ ਕੇ ਕਾਮਯਾਬ ਬਣਾਇਆ। ਮੈਨੂੰ ਅੱਜ ਉਨ੍ਹਾਂ ਉੱਤੇ ਮਾਣ ਹੈ। ਮੇਰੇ ਪੜ੍ਹਾਏ,ਕਈ ਵਾਰ ਮੈਨੂੰ ਵੀ ਸਿਖਿਆ ਦਿੰਦੇ ਹਨ। ਮੈਨੂੰ ਵੀ ਉਨ੍ਹਾਂ ਕੋਲੋਂ ਸਿਖਿਆ ਲੈਕੇ ਖੁਸ਼ੀ ਮਿਲਦੀ ਹੈ। ਮੇਰੇ ਗਿਆਨ ਵਿੱਚ ਵੀ ਵਾਧਾ ਹੁੰਦਾ ਹੈ। ਉਨ੍ਹਾਂ ਨੂੰ ਅਪਣੇ ਬੱਚਿਆਂ ਨੂੰ ਅਤੇ ਹੋਰ ਬੱਚਿਆਂ ਨੂੰ ਸਿੱਖਿਆ ਦਿੰਦੇ, ਗਿਆਨ ਵੰਡਦੇ ਦੇਖਦਾ ਹਾਂ, ਭਰਪੂਰ ਖੁਸ਼ੀ ਮਿਲਦੀ ਹੈ।ਗਿਆਨ ਦਾ ਸਾਗਰ ਬਣ ਜਾਂਦਾ ਹੈ।

ਸਾਡੇ ਪੂਰਵਜਾਂ ਦੇ ਦਿੱਤੇ ਗਿਆਨ ਦੀ ਬਦੌਲਤ, ਅੱਜ ਅਸੀਂ ਕਿਤੇ ਦੀ ਕਿਤੇ ਪਹੁੰਚ ਗਏ ਹਾਂ। ਉਨ੍ਹਾਂ ਦੀਆਂ ਕੀਤੀਆਂ, ਗਲਤੀਆਂ, ਅਨੁਭਵਾਂ ਤੋਂ ਅਸੀਂ ਸਿਖਿਆ ਲੈਕੇ ਸੁਧਾਰ ਕੀਤੇ।

ਸੰਚਾਰ ਦੇ ਸਾਧਨਾਂ ਵਿੱਚ ਵੀ ਤੇਜ਼ੀ ਆਈ, ਰਫ਼ਤਾਰ ਫੜ੍ਹੀ। ਕੋਨੇ ਕੋਨੇ ਤੱਕ ਗਿਆਨ ਫੈਲ ਗਿਆ, ਕਿਤਾਬਾਂ, ਸੀਡੀਆਂ, ਵੀਡੀਓਜ਼ ਦੇ ਰੂਪ ਵਿੱਚ ਹਰ ਇੱਕ ਦੀ ਪਹੁੰਚ



ਵਿੱਚ ਹੋ ਗਈਆਂ।ਹਰ ਰੋਜ਼, ਕਮਾਲ ਦੀਆਂ ਖੋਜਾਂ ਦੇਖਣ,ਸੁਣਨ ਨੂੰ ਮਿਲ ਰਹੀਆਂ ਹਨ। ਇਸ ਗਿਆਨ ਦਾ ਤਾਂ ਹੀ ਫਾਇਦਾ ਹੋਵੇਗਾ,ਜੇ ਅਸੀਂ ਇਸ ਅਨੁਭਵ ਦਾ ਰਚਨਾਤਮਕ ਤਰੀਕੇ ਨਾਲ ਉਪਯੋਗ ਕਰਾਂਗੇ। ਹੁਣੇ ਜਿਹੇ ਕਰਨਾਟਕ ਦੇ ਨਵੀਂ ਪੀੜ੍ਹੀ ਦੇ ਨੌਜਵਾਨ ਨੇ ਦਿਲ ਦੇ ਅੰਦਰ, ਕਿਸੇ ਵੀ ਤਰ੍ਹਾਂ ਦੇ ਵਿਗਾੜ ਪੈਣ ਦੀ ਸੰਭਾਵਨਾ ਦੀ, ਐਡਵਾਂਸ ਵਿੱਚ ਹੀ ਲੱਛਣਾਂ ਦਾ ਪਤਾ ਲਗਾਉਣ ਵਾਲੀ, ਟੈਕਨੀਕ ਦੀ ਖੋਜ ਕਰਨ ਵਾਲਾ ਯੰਤਰ, ਬਣਾਇਆ ਹੈ। ਕੈਨੇਡਾ ਦੇ ਇੱਕ ਪੰਜਾਬੀ ਡਾਕਟਰ ਨੇ ਖਾਣ ਪੀਣ ਵਿੱਚ ਸੁਧਾਰ ਕਰਕੇ, ਸਰੀਰ ਦੇ ਸੈੱਲਾਂ ਨੂੰ ਸੁਧਾਰ ਕੇ ਸੁਰੱਖਿਅਤ,ਤਰੋਤਾਜ਼ਾ ਤੇ ਤੰਦਰੁਸਤ ਰੱਖਣ ਬਾਰੇ ਆਪਣੇ ਅਨੁਭਵ ਇੱਕ ਵੀਡੀਓ ਰਾਹੀਂ ਸਾਂਝੇ ਕੀਤੇ ਹਨ। ਹੋਰ ਖੇਤਰਾਂ ਵਿੱਚ ਵੀ ਅਨੁਭਵ ਦੇ ਆਧਾਰ ਉੱਤੇ ਹੈਰਾਨੀਜਨਕ, ਖੋਜਾਂ ਅਤੇ ਤਜਰਬੇ ਜਾਰੀ ਹਨ।

ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ ਬ੍ਰਿਸਬੇਨ ਆਸਟ੍ਰੇਲੀਆ ਫੋਨ ਨੰਬਰ :
9878469639

ਗ਼ਜ਼ਲ ਗਾਇਕੀ ਦਾ ਸਮਰਾਟ ਜਗਜੀਤ ਸਿੰਘ

ਭਾਰਤੀ ਸੰਗੀਤ ਦੀ ਦੁਨੀਆ ਵਿੱਚ ਜੇਕਰ ਕਿਸੇ ਇੱਕ ਨਾਮ ਨੇ ਗ਼ਜ਼ਲ ਨੂੰ ਮਹਿਫ਼ਲ ਦੀ ਸੀਮਿਤ ਹੱਦ ਤੋਂ ਬਾਹਰ ਕੱਢ ਕੇ ਆਮ ਆਦਮੀ ਦੇ ਦਿਲ ਦੀ ਧੜਕਨ ਬਣਾਇਆ, ਤਾਂ ਉਹ ਸਨ ਗ਼ਜ਼ਲ ਸਮਰਾਟ ਜਗਜੀਤ ਸਿੰਘ। ਜਿਨ੍ਹਾਂ ਦੀ ਆਵਾਜ਼ ਵਿੱਚ ਦਰਦ ਦੀ ਨਰਮੀ, ਠਹਿਰਾਵ ਦੀ ਖਾਮੋਸ਼ੀ ਅਤੇ ਰੂਹਾਨੀਅਤ ਦੀ ਅਜਿਹੀ ਗਹਿਰਾਈ ਸੀ ਕਿ ਸੁਣਨ ਵਾਲਾ ਆਪਣੇ ਆਪ ਨੂੰ ਭੁੱਲ ਕੇ ਗ਼ਜ਼ਲ ਦੇ ਅਰਥਾਂ ਵਿੱਚ ਡੁੱਬ ਜਾਂਦਾ ਸੀ। ਜਗਜੀਤ ਸਿੰਘ ਨੇ ਗ਼ਜ਼ਲ ਗਾਇਕੀ ਨੂੰ ਸਿਰਫ਼ ਨਵਾਂ ਰੂਪ ਹੀ ਨਹੀਂ ਦਿੱਤਾ, ਸਗੋਂ ਇਸਨੂੰ ਆਧੁਨਿਕ ਯੁੱਗ ਨਾਲ ਵੀ ਜੋੜਿਆ। ਗ਼ਜ਼ਲ ਸਮਰਾਟ ਜਗਜੀਤ ਸਿੰਘ ਜੀ ਦਾ ਜਨਮ 8 ਫ਼ਰਵਰੀ 1941 ਨੂੰ ਰਾਜਸਥਾਨ ਦੇ ਸ਼੍ਰੀ ਗੰਗਾਨਗਰ ਸ਼ਹਿਰ ਵਿਖੇ ਇਕ ਸਿੱਖ ਪਰਿਵਾਰ ਪਿਤਾ ਸ: ਅਮਰ ਸਿੰਘ ਅਤੇ ਮਾਤਾ ਬਚਨ ਕੌਰ ਦੇ ਘਰ ਹੋਇਆ। ਜਨਮ ਸਮੇਂ ਉਨ੍ਹਾਂ ਦਾ ਨਾਮ ਜਗਮੋਹਨ ਸਿੰਘ ਰੱਖਿਆ ਗਿਆ ਸੀ, ਪਰ ਬਾਅਦ ਵਿੱਚ ਉਸਤਾਦਾਂ ਦੀ ਸਲਾਹ 'ਤੇ ਉਨ੍ਹਾਂ ਨੇ ਆਪਣਾ ਨਾਮ ਬਦਲ ਕੇ ਜਗਜੀਤ ਸਿੰਘ ਰੱਖ ਲਿਆ,ਇੱਕ ਅਜਿਹਾ ਨਾਮ ਜੋ ਅੱਗੇ ਚੱਲ ਕੇ ਗ਼ਜ਼ਲਾਂ ਦੀ ਪਛਾਣ ਬਣਿਆ।

ਉਨ੍ਹਾਂ ਨੇ ਮੁੱਢਲੀ ਸਿੱਖਿਆ ਸ਼੍ਰੀ ਗੰਗਾਨਗਰ ਦੇ ਖਾਲਸਾ ਸਕੂਲ ਤੋਂ ਪ੍ਰਾਪਤ ਕੀਤੀ। ਉੱਚ ਸਿੱਖਿਆ ਲਈ ਜਲੰਧਰ ਦੇ ਡੀ.ਏ.ਵੀ. ਕਾਲਜ ਵਿੱਚ ਦਾਖ਼ਲਾ ਲਿਆ ਅਤੇ ਬਾਅਦ ਵਿੱਚ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਇਤਿਹਾਸ ਵਿਸ਼ੇ 'ਚ ਐਮ.ਏ. ਦੀ ਡਿਗਰੀ ਹਾਸਲ ਕੀਤੀ। ਪੜ੍ਹਾਈ ਦੇ ਦੌਰਾਨ ਹੀ ਉਨ੍ਹਾਂ ਦੀ ਸੰਗੀਤ ਪ੍ਰਤੀ ਲਗਨ ਨੂੰ ਸਮਝਦਿਆਂ ਪਿਤਾ ਜੀ ਨੇ ਉਨ੍ਹਾਂ ਨੂੰ ਪੰਡਿਤ ਸ਼ਾਗਨ ਲਾਲ ਸ਼ਰਮਾ ਅਤੇ ਉਸਤਾਦ ਜਮਾਲ ਖਾਨ ਕੋਲੋਂ ਸ਼ਾਸਤਰੀ ਸੰਗੀਤ ਦੀ ਤਾਲੀਮ ਦਵਾਈ। ਉਨ੍ਹਾਂ ਦੀ ਕਾਬਲੀਅਤ ਨੂੰ ਮਾਨਤਾ ਮਿਲੀ ਅਤੇ ਆਲ ਇੰਡੀਆ ਰੇਡੀਓ ਜਲੰਧਰ ਨੇ ਉਨ੍ਹਾਂ ਨੂੰ 'ਬੀ' ਸ਼੍ਰੇਣੀ ਦੇ ਕਲਾਕਾਰ ਵਜੋਂ ਸਵੀਕਾਰ ਕੀਤਾ।

ਸੱਤਰ ਦੇ ਦਹਾਕੇ ਵਿੱਚ ਜਦੋਂ ਜਗਜੀਤ ਸਿੰਘ ਨੇ ਮੁੰਬਈ ਦਾ ਰੁਖ਼ ਕੀਤਾ, ਤਾਂ ਇਹ ਸਫ਼ਰ ਕੋਈ ਆਸਾਨ ਨਹੀਂ ਸੀ। ਲੰਮਾ ਸੰਘਰਸ਼, ਅਣਗਿਣਤ ਅਸਫ਼ਲਤਾਵਾਂ ਅਤੇ ਅਣਦੇਖੀ ਦੇ ਬਾਵਜੂਦ ਉਨ੍ਹਾਂ ਨੇ ਹੌਂਸਲਾ ਨਹੀਂ ਹਾਰਿਆ। ਇਸ ਯਾਤਰਾ ਵਿੱਚ ਉਨ੍ਹਾਂ ਦੀ ਜੀਵਨ ਸਾਥੀ ਚਿਤਰਾ ਸਿੰਘ ਨੇ ਵੀ ਅਹਿਮ ਭੂਮਿਕਾ ਨਿਭਾਈ। ਦੋਹਾਂ ਨੇ ਮਿਲ ਕੇ ਗ਼ਜ਼ਲ ਗਾਇਕੀ ਨੂੰ ਇੱਕ ਨਵਾਂ, ਸਾਦਾ ਅਤੇ ਸੰਵੇਦਨਸ਼ੀਲ ਅੰਦਾਜ਼ ਦਿੱਤਾ, ਜੋ ਸਿੱਧਾ ਦਿਲਾਂ ਤੱਕ ਪਹੁੰਚਿਆ।

ਜਗਜੀਤ ਸਿੰਘ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਸੀ ਕਿ ਉਨ੍ਹਾਂ ਨੇ ਗ਼ਜ਼ਲ ਨੂੰ ਸ਼ਾਸਤਰੀ ਜੰਜੀਰਾਂ ਤੋਂ ਮੁਕਤ ਕਰਕੇ ਸਧਾਰਣ ਧੁਨਾਂ ਨਾਲ ਵਰਗੀਆਂ ਗ਼ਜ਼ਲਾਂ ਅੱਜ ਵੀ ਸਿਮਰ" ਵਰਗੇ ਸ਼ਬਦਾਂ ਤੋਂ ਜੋੜਿਆ। ਉਨ੍ਹਾਂ ਦੀ ਗਾਇਕੀ

ਵਿੱਚ ਸੰਗੀਤ ਤੋਂ ਵੱਧ ਅਹਿਸਾਸ ਹੁੰਦਾ ਸੀ। "ਹੋਠੋਂ ਸੇ ਛੂ ਲੋ ਤੁਮ", "ਤੁਮ ਇਤਨਾ ਜੋ ਮੁਸਕੁਰਾ ਰਹੇ ਹੋ", "ਚਿੱਠੀ ਨਾ ਕੋਈ ਸੰਦੇਸ਼", " ਵੋ ਕਾਗਜ਼ ਕੀ ਕਸ਼ਤੀ",ਹੋਸ਼ ਵਾਲੋ ਕੋ ਖ਼ਬਰ ਕਿਯਾ" ਅਤੇ "ਤੁਮ ਕੋ ਦੇਖਾ ਤੋਂ ਯੇ ਖ਼ਿਆਲ ਆਇਆ" ਲੱਖਾਂ ਦਿਲਾਂ ਦੀ ਧੜਕਨ ਹਨ। ਉਨ੍ਹਾਂ ਦੀ ਆਵਾਜ਼ ਵਿੱਚ ਦੁੱਖ ਵੀ ਹੰਢਿਆ ਲੱਗਦਾ ਸੀ ਅਤੇ ਤਨਹਾਈ ਵੀ ਆਪਣੀ ਜਾਪਦੀ ਸੀ।

ਪੰਜਾਬੀ ਸੰਗੀਤ ਵਿੱਚ ਵੀ ਜਗਜੀਤ ਸਿੰਘ ਦੀ ਵਿਸ਼ੇਸ਼ ਪਛਾਣ ਰਹੀ। "ਚੁੱਲ੍ਹੇ ਅੱਗ ਨਾ ਘੜੇ ਦੇ ਵਿੱਚ ਪਾਣੀ", "ਮਾਹੀਆ", "ਟੱਪੇ", "ਮਾਏ ਨੀ ਮਾਏ" ਅਤੇ ਦੂਰਦਰਸ਼ਨ 'ਤੇ ਨਵੇਂ ਸਾਲ ਮੌਕੇ ਗਾਇਆ ਗਿਆ ਗੀਤ "ਜ਼ਰਾ ਬੱਚਕੇ ਮੋੜ ਤੋਂ" ਅੱਜ ਵੀ ਸੁਣਨ ਵਾਲਿਆਂ ਦੇ ਮਨਾਂ ਵਿੱਚ ਵੱਸਦੇ ਹਨ। ਗ਼ਜ਼ਲ ਗਾਇਕੀ ਦੇ ਨਾਲ-ਨਾਲ ਜਗਜੀਤ ਸਿੰਘ ਜੀ ਨੇ ਰੂਹਾਨੀ ਸੰਗੀਤ ਨੂੰ ਵੀ ਆਪਣੀ ਆਵਾਜ਼ ਬਖ਼ਸ਼ੀ। "ਸਤਿਨਾਮ ਸ਼੍ਰੀ ਵਾਹਿਗੁਰੂ" ਅਤੇ "ਰਾਮ ਸਿਮਰ ਰਾਮ ਨੂੰ ਲੈ ਕੇ "ਹੇ ਰਾਮ" ਅਤੇ "ਹੇ ਗੋਵਿੰਦ ਹੇ ਗੋਪਾਲ" ਜਿਹੇ ਭਜਨਾਂ ਤੱਕ, ਉਨ੍ਹਾਂ ਦੀ ਗਾਇਕੀ ਲੋਕਾਂ ਨੂੰ ਆਤਮਿਕ ਅਨੁਭੂਤੀ ਵੱਲ ਲੈ ਜਾਂਦੀ ਹੈ।

ਜਗਜੀਤ ਸਿੰਘ ਦੀ ਗਾਇਕੀ ਦਾ ਵਿਸਤਾਰ ਪੰਜਾਹ ਤੋਂ ਵੱਧ ਐਲਬਮਾਂ ਤੱਕ ਫੈਲਿਆ ਹੋਇਆ ਹੈ। 'ਸੰਵੇਦਨਾ' ਅਤੇ 'ਨਈ ਦਿਸ਼ਾ' ਵਰਗੀਆਂ ਐਲਬਮਾਂ ਵਿੱਚ ਉਨ੍ਹਾਂ ਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਜੀ ਦੀ ਕਵਿਤਾਵਾਂ ਨੂੰ ਸੰਗੀਤਕ ਰੂਪ ਦਿੱਤਾ ਅਤੇ ਸੁਰ-ਸੰਰਚਨਾ ਵੀ ਖੁਦ ਕੀਤੀ। ਗ਼ਜ਼ਲਾਂ ਨੂੰ ਲੋਕਧਾਰਾ ਨਾਲ ਜੋੜਨਾ ਉਨ੍ਹਾਂ ਦੀ ਸਭ ਤੋਂ ਵੱਡੀ ਉਪਲਬਧੀ ਮੰਨੀ ਗਈ, ਜਿਸ ਕਰਕੇ ਉਨ੍ਹਾਂ ਦਾ ਗਾਇਨ ਆਮ ਲੋਕਾਂ ਦੀ ਬੋਲਚਾਲ ਦਾ ਹਿੱਸਾ ਬਣ ਗਿਆ।

ਉਨ੍ਹਾਂ ਦੀ ਨਿੱਜੀ ਜ਼ਿੰਦਗੀ ਦੁੱਖਾਂ ਤੋਂ ਹਟਵੀਂ ਨਹੀਂ ਰਹੀ। ਆਪਣੇ ਇਕਲੌਤੇ ਪੁੱਤਰ ਵਿਵੇਕ ਦੀ 1985 'ਚ ਅਚਾਨਕ ਮੌਤ ਨੇ ਉਨ੍ਹਾਂ ਨੂੰ ਅੰਦਰੋਂ ਝੰਜੋੜ ਕੇ ਰੱਖ ਦਿੱਤਾ। ਇਸ ਦਰਦ ਦੀ ਛਾਪ ਉਨ੍ਹਾਂ ਦੀ ਬਾਅਦ ਦੀ ਗਾਇਕੀ ਵਿੱਚ ਸਾਫ਼ ਮਹਿਸੂਸ ਕੀਤੀ ਜਾ ਸਕਦੀ ਹੈ। ਜਿੱਥੇ ਚਿਤਰਾ ਸਿੰਘ ਇਸ ਸਦਮੇ ਤੋਂ ਉਬਰ ਨਾ ਸਕੀ, ਉੱਥੇ ਜਗਜੀਤ ਸਿੰਘ ਨੇ ਆਪਣੇ ਦੁੱਖ ਨੂੰ ਸੁਰਾਂ ਵਿੱਚ ਢਾਲ ਕੇ ਲੱਖਾਂ ਲੋਕਾਂ ਦੇ ਦੁੱਖਾਂ ਦੀ ਆਵਾਜ਼ ਬਣਾਇਆ।

ਗ਼ਜ਼ਲ ਨੂੰ ਨਵੀਂ ਰੂਹ ਅਤੇ ਨਵਾਂ ਮਿਜ਼ਾਜ ਬਖ਼ਸ਼ਣ ਵਾਲੇ ਜਗਜੀਤ ਸਿੰਘ ਦੀ ਕਲਾਤਮਕ ਮਹਾਨਤਾ ਨੂੰ ਦੇਸ਼-ਵਿਦੇਸ਼ ਵਿੱਚ ਮੰਨਤਾ ਮਿਲੀ। 1998 ਵਿੱਚ ਸਾਹਿਤ ਅਕਾਦਮੀ ਐਵਾਰਡ, 2003 ਵਿੱਚ ਪਦਮ ਭੂਸ਼ਣ ਅਤੇ 2006 ਵਿੱਚ ਟੀਚਰਜ਼ ਲਾਈਫਟਾਈਮ ਅਚੀਵਮੈਂਟ ਐਵਾਰਡ ਉਨ੍ਹਾਂ ਦੀ ਅਮਿੱਟ ਕਲਾ ਦੇ ਪ੍ਰਮਾਣ ਹਨ। ਦਿਹਾਂਤ ਤੋਂ ਬਾਅਦ ਵੀ ਸਨਮਾਨਾਂ ਦੀ ਲੜੀ ਜਾਰੀ ਰਹੀ ਅਤੇ 2013 ਵਿੱਚ ਰਾਜਸਥਾਨ ਸਰਕਾਰ ਨੇ ਉਨ੍ਹਾਂ ਨੂੰ 'ਰਾਜਸਥਾਨ ਰਤਨ' ਨਾਲ ਸਨਮਾਨਿਤ ਕੀਤਾ।

10 ਅਕਤੂਬਰ 2011 ਨੂੰ ਜਗਜੀਤ ਸਿੰਘ ਭਾਵੇਂ ਸਰੀਰਕ ਤੌਰ 'ਤੇ ਇਸ ਸੰਸਾਰ ਤੋਂ ਵਿਦਾ ਹੋ ਗਏ, ਪਰ ਆਪਣੀਆਂ ਗ਼ਜ਼ਲਾਂ ਰਾਹੀਂ ਉਹ ਅੱਜ ਵੀ ਜ਼ਿੰਦਾ ਹਨ। ਉਨ੍ਹਾਂ ਦੀ ਆਵਾਜ਼ ਸਮੇਂ ਦੀ ਹਰ ਕਸੌਟੀ 'ਤੇ ਖਰੀ ਉਤਰੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਦਾ ਪ੍ਰੇਰਣਾ ਬਣੀ ਰਹੇਗੀ।

ਬਲਦੇਵ ਸਿੰਘ ਬੇਦੀ
ਜਲੰਧਰ

ਭੀਮ ਨੂੰ ਡਾ. ਭੀਮ ਰਾਓ ਅੰਬੇਡਕਰ ਬਣਾਉਣ ਵਾਲੀ ਔਰਤ ਰਾਮਾਬਾਈ ਅੰਬੇਡਕਰ

ਜਨਮ ਦਿਨ ਮੌਕੇ ਵਿਸ਼ੇਸ਼

ਭਾਰਤ ਦੇ ਇਤਿਹਾਸ ਵਿੱਚ ਕਈ ਅਜਿਹੀਆਂ ਔਰਤਾਂ ਹੋਈਆਂ ਹਨ ਜਿਨ੍ਹਾਂ ਨੇ ਆਪਣੀ ਸ਼ਕਤੀ, ਸਹਿਣਸ਼ੀਲਤਾ ਅਤੇ ਸਮਰਪਣ ਨਾਲ ਨਾ ਸਿਰਫ਼ ਆਪਣੇ ਪਰਿਵਾਰ ਨੂੰ ਬਲਕਿ ਪੂਰੇ ਸਮਾਜ ਨੂੰ ਨਵੀਂ ਦਿਸ਼ਾ ਦਿੱਤੀ। ਇਹ ਔਰਤਾਂ ਕਦੇ ਵੀ ਅਖ਼ਬਾਰਾਂ ਦੀਆਂ ਸੁਰਖੀਆਂ ਨਹੀਂ ਬਣੀਆਂ, ਪਰ ਉਨ੍ਹਾਂ ਦੀ ਭੂਮਿਕਾ ਇਤਿਹਾਸ ਰਚਣ ਵਾਲੇ ਪੁਰਸ਼ਾਂ ਦੀ ਕਾਮਯਾਬੀ ਦੀ ਨੀਹ ਬਣੀ। ਅਜਿਹੀਆਂ ਹੀ ਔਰਤਾਂ ਵਿੱਚ ਇੱਕ ਮਹਾਨ ਨਾਂ ਹੈ ਰਾਮਾਬਾਈ ਦਾ, ਜਿਹੜੀ ਨਾ ਸਿਰਫ਼ ਡਾ. ਭੀਮ ਰਾਓ ਅੰਬੇਡਕਰ ਦੀ ਜੀਵਨ ਸਾਥੀ ਸੀ, ਸਗੋਂ ਉਨ੍ਹਾਂ ਦੀ ਜ਼ਿੰਦਗੀ ਦੇ ਹਰ ਪਲ ਦਾ ਸਾਥੀ, ਮੱਦਦਗਾਰ, ਅਤੇ ਪ੍ਰੇਰਕ ਸ਼ਕਤੀ ਵੀ ਸੀ। ਡਾ. ਭੀਮ ਰਾਓ ਅੰਬੇਡਕਰ, ਜਿਨ੍ਹਾਂ ਨੂੰ ਸਮਾਜ ਸੁਧਾਰਕ, ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਦਲਿਤਾਂ ਦੇ ਮਸੀਹੇ ਵਜੋਂ ਜਾਣਿਆ ਜਾਂਦਾ ਹੈ, ਦੀ ਸਫ਼ਲਤਾ ਦੇ ਪਿੱਛੇ ਰਾਮਾਬਾਈ (ਰਮਾਬਾਈ, ਰਮਾਈ) ਅੰਬੇਡਕਰ ਦਾ ਅਹਿਮ ਯੋਗਦਾਨ ਰਿਹਾ। ਰਾਮਾਬਾਈ ਨੇ ਸਮਾਜਿਕ ਅਤੇ ਆਰਥਿਕ ਤੰਗੀਆਂ ਦੇ ਬਾਵਜੂਦ ਆਪਣੇ ਪਤੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਹ ਭਾਰਤੀ ਸਮਾਜ ਦੀ ਖ਼ਾਮੋਸ਼ ਨਾਇਕਾ ਹੈ, ਜਿਸਦੇ ਬਾਰੇ ਘੱਟ ਹੀ ਲਿਖਿਆ ਗਿਆ ਹੈ।

ਰਾਮਾਬਾਈ ਦਾ ਜਨਮ 7 ਫਰਵਰੀ 1898 ਨੂੰ ਮਹਾਰਾਸ਼ਟਰ ਦੇ ਇੱਕ ਗ਼ਰੀਬ ਮੱਛੇਰੇ ਪਰਿਵਾਰ ਵਿੱਚ ਹੋਇਆ। ਉਹ ਬਹੁਤ ਅਸਹਿਣਯੋਗ ਸਥਿਤੀਆਂ ਵਿੱਚ ਪਲੀ। ਉਨ੍ਹਾਂ ਦਾ ਪਰਿਵਾਰ ਉਸ ਸਮੇਂ ਦੀਆਂ ਸਮਾਜਿਕ ਪਾਬੰਦੀਆਂ ਅਤੇ ਜਾਤੀਵਾਦ ਦੀ ਮਾਰ ਝੱਲ ਰਿਹਾ ਸੀ। ਰਮਾਬਾਈ ਦਾ ਜੀਵਨ, ਗ਼ਰੀਬੀ ਅਤੇ ਤ੍ਰਾਸਦੀਆਂ ਦੇ ਪਰਛਾਵੇਂ ਵਿੱਚ ਹੀ ਗੁਜ਼ਰਿਆ। ਇਹ ਤਜ਼ਰਬਾ ਹੀ ਸੀ ਜਿਸ ਨੇ ਉਨ੍ਹਾਂ ਨੂੰ ਸਹਿਣਸ਼ੀਲ, ਮਜ਼ਬੂਤ ਅਤੇ ਸੰਘਰਸ਼ਸ਼ੀਲ ਬਣਾਇਆ।

ਜਦੋਂ ਰਾਮਾਬਾਈ ਦੀ ਉਮਰ ਸਿਰਫ 9 ਸਾਲ ਸੀ, ਉਨ੍ਹਾਂ ਦਾ ਵਿਆਹ 15 ਸਾਲ ਦੇ ਭੀਮ ਰਾਓ ਅੰਬੇਡਕਰ ਨਾਲ ਹੋ ਗਿਆ। ਉਸ ਸਮੇਂ 'ਬਾਲ ਵਿਆਹ' ਦੀ ਰੀਤ ਪ੍ਰਚਲਿਤ ਸੀ। ਭੀਮ ਰਾਓ, ਜੋ ਬਾਅਦ ਵਿੱਚ ਡਾ. ਅੰਬੇਡਕਰ ਵਜੋਂ ਪ੍ਰਸਿੱਧ ਹੋਏ, ਉਸ ਸਮੇਂ ਆਪਣੀ ਪੜ੍ਹਾਈ ਵਿੱਚ ਰੁੱਝੇ ਹੋਏ ਸਨ ਅਤੇ ਸਮਾਜਿਕ ਅਸਮਾਨਤਾ ਦੇ ਖ਼ਿਲਾਫ਼ ਆਪਣੀ ਜੰਗ ਸ਼ੁਰੂ ਕਰ ਰਹੇ ਸਨ। ਸਮਾਜਿਕ ਭੇਦਭਾਵ, ਗ਼ਰੀਬੀ ਅਤੇ ਆਰਥਿਕ ਮੁਸ਼ਕਲਾਂ ਨੇ ਰਾਮਾਬਾਈ ਦੀ ਜ਼ਿੰਦਗੀ ਨੂੰ ਹੋਰ ਜਟਿਲ ਬਣਾਇਆ। ਫਿਰ ਵੀ, ਉਨ੍ਹਾਂ ਨੇ ਆਪਣੇ ਪਤੀ ਦੀ ਪੜ੍ਹਾਈ ਅਤੇ ਸਮਾਜ ਸੁਧਾਰ ਦੇ ਮਿਸ਼ਨ ਵਿੱਚ ਪੂਰਨ ਸਮਰਥਨ ਦਿੱਤਾ। ਜਦੋਂ ਭੀਮ ਰਾਓ ਆਪਣੇ ਕਮਰੇ ਵਿੱਚ ਪੜ੍ਹ ਰਹੇ ਹੁੰਦੇ, ਉਸ ਸਮੇਂ ਰਾਮਾਬਾਈ ਨਾ ਤਾਂ ਬੱਚਿਆਂ ਨੂੰ ਰੌਲਾ ਪਾਉਣ ਦਿੰਦੀ ਤੇ ਨਾ ਹੀ ਉਨ੍ਹਾਂ ਦੇ ਕਮਰੇ ਵੱਲ ਜਾਣ ਦਿੰਦੀ। ਅੰਬੇਡਕਰ ਦਾ ਸੁਭਾਗ ਸੀ ਕਿ ਉਸ ਨੂੰ ਰਾਮਾਬਾਈ ਵਰਗੀ ਨੇਕ ਅਤੇ ਆਗਿਆਕਾਰੀ ਜੀਵਨ ਸਾਥਣ ਮਿਲੀ।

ਰਾਮਾਬਾਈ ਨੇ ਘਰ ਦੀ ਜ਼ਿੰਮੇਵਾਰੀ ਸੰਭਾਲੀ ਅਤੇ ਪਰਿਵਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਖ਼ਤ ਮਿਹਨਤ ਕੀਤੀ। ਇੱਕ ਬਾਰ ਛੋਟਾ ਬੱਚਾ ਗੰਗਾਧਰ ਸਖ਼ਤ ਬਿਮਾਰ ਹੋ ਗਿਆ। ਦਵਾਈ ਲਈ ਪੈਸੇ ਨਹੀਂ ਸਨ । ਰਾਮਾਬਾਈ ਨੇ ਅੰਬੇਡਕਰ ਨੂੰ ਚਿੱਠੀ ਰਾਹੀਂ ਇਸ ਸਥਿਤੀ ਬਾਰੇ ਦੱਸਿਆ। ਭੀਮ ਰਾਓ ਅੰਬੇਡਕਰ ਨੇ 25 ਨਵੰਬਰ 1920 ਨੂੰ ਰਾਮਾਬਾਈ ਨੂੰ ਲੰਡਨ ਤੋਂ ਚਿੱਠੀ ਭੇਜ ਕੇ ਇਸ ਦਾ ਜਵਾਬ ਲਿਖਿਆ, "ਮੈਂ ਪੈਸਿਆਂ ਦੀ ਘਾਟ ਕਾਰਨ ਬਹੁਤ ਮੁਸ਼ਕਲ ਨਾਲ ਆਪਣੀ ਪੜ੍ਹਾਈ ਕਰ ਰਿਹਾ ਹਾਂ। ਇੱਥੋਂ ਤੱਕ ਕਿ ਮੈਨੂੰ ਖਾਣ ਪੀਣ ਲਈ ਵੀ ਬਹੁਤ ਕਠਿਨਾਈ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਮੈਂ ਤੁਹਾਨੂੰ ਘਰ ਦੇ ਖ਼ਰਚ ਵਾਸਤੇ ਪੈਸੇ ਨਹੀਂ ਭੇਜ ਰਿਹਾ ਹਾਂ। ਤੁਸੀਂ ਆਪਣੇ ਗਹਿਣੇ ਵੇਚ ਕੇ ਘਰ ਦਾ ਗੁਜ਼ਾਰਾ ਕਰੋ। ਮੈਂ ਵਾਪਿਸ ਆਉਣ 'ਤੇ ਆਪ ਨੂੰ ਦੁਬਾਰਾ ਗਹਿਣੇ ਬਣਾ ਦੇਵਾਂਗਾ।"

ਉਨ੍ਹਾਂ ਦੀ ਜਿੰਦਗੀ ਦਾ ਸਭ ਤੋਂ ਦੁਖਦਾਈ ਪਹਿਲੂ ਸੀ ਉਨ੍ਹਾਂ ਦੇ ਬੱਚਿਆਂ ਦੀ ਮੌਤ। ਰਾਮਾਬਾਈ ਅਤੇ ਭੀਮ ਰਾਓ ਦੇ ਪੰਜ ਬੱਚੇ ਸਨ, ਜਸਵੰਤ ਰਾਓ, ਗੰਗਾਧਰ, ਰਮੇਸ਼, ਇੰਦੂ ਅਤੇ ਰਾਜਰਤਨ ਪਰ ਜਸਵੰਤ ਰਾਓ ਨੂੰ ਛੱਡ ਕੇ ਸਾਰੇ ਬੱਚਿਆਂ ਦੀ ਛੋਟੀ ਉਮਰ ਵਿੱਚ ਹੀ ਮੌਤ ਹੋ ਗਈ। ਉਸਦੀ ਸਿਹਤ ਵੀ ਖ਼ਰਾਬ ਰਹਿੰਦੀ ਸੀ। ਰਾਮਾਬਾਈ ਯਸ਼ਵੰਤ ਦੀ ਬੀਮਾਰੀ ਕਰਕੇ ਕਾਫ਼ੀ ਚਿੰਤਾ ਵਿੱਚ ਰਹਿੰਦੀ ਪਰ ਫੇਰ ਵੀ ਉਹ ਇਸ ਗੱਲ ਦਾ ਪੂਰਾ ਖ਼ਿਆਲ ਰੱਖਦੀ ਸੀ ਕਿ ਅੰਬੇਡਕਰ ਦੇ ਕੰਮਾਂ ਵਿੱਚ ਕੋਈ ਵਿਘਨ ਨਾ ਪਵੇ ਅਤੇ ਉਨ੍ਹਾਂ ਦੀ ਪੜ੍ਹਾਈ ਖ਼ਰਾਬ ਨਾ ਹੋਵੇ। ਚਾਰ ਬੱਚਿਆਂ ਦਾ ਦੁਨੀਆਂ ਤੋਂ ਚਲੇ ਜਾਣਾ ਰਾਮਾਬਾਈ ਲਈ ਦੁਖਦਾਇਕ ਵੱਡਾ ਮਨੋਵਿਗਿਆਨਕ ਝਟਕਾ ਸੀ।

ਇਸ ਦੁੱਖ ਨੂੰ ਰਮਾਬਾਈ ਨੇ ਸਹਿਣ ਕੀਤਾ ਅਤੇ ਫਿਰ ਵੀ ਆਪਣੇ ਪਤੀ ਦੇ ਮਿਸ਼ਨ ਵਿੱਚ ਉਨ੍ਹਾਂ ਦਾ ਸਾਥ ਨਹੀਂ ਛੱਡਿਆ। ਡਾ. ਅੰਬੇਡਕਰ ਅਕਸਰ ਕਹਿੰਦੇ ਸਨ ਕਿ ਜੇ ਰਾਮਾਬਾਈ ਨਾ ਹੁੰਦੀ ਤਾਂ ਮੈਂ ਇਹ ਸਭ ਕੁੱਝ ਕਦੇ ਨਾ ਕਰ ਸਕਦਾ।

ਭਾਵੇਂ ਉਹ ਇੱਕ ਆਮ ਘਰੇਲੂ ਔਰਤ ਸੀ ਪਰ ਉਨ੍ਹਾਂ ਦਾ ਸੰਘਰਸ਼ ਅਤੇ ਸਮਰਪਣ ਅਸਧਾਰਣ ਸੀ। ਜਦੋਂ ਭੀਮ ਰਾਓ ਅਮਰੀਕਾ, ਲੰਡਨ, ਅਤੇ ਜਰਮਨੀ ਵਿੱਚ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਸਨ, ਉਸ ਸਮੇਂ ਰਾਮਾਬਾਈ ਮੁੰਬਈ ਦੀਆਂ ਝੁੱਗੀਆਂ ਵਿੱਚ ਘਰ ਚਲਾ ਰਹੀ ਹੁੰਦੀ। ਭੀਮ ਰਾਓ ਨੂੰ ਅਰਥਸ਼ਾਸਤਰ ਅਤੇ ਕਾਨੂੰਨ ਵਿੱਚ ਡਿਗਰੀਆਂ ਹਾਸਲ ਕਰਨ ਲਈ ਸਕਾਲਰਸ਼ਿਪ ਮਿਲੀ। ਉਹ ਆਪਣੇ ਵਜ਼ੀਫ਼ੇ ਦਾ ਕੁੱਝ ਹਿੱਸਾ ਉਹ ਘਰ ਭੇਜ ਦਿੰਦੇ ਸਨ। ਪਰ ਇਹ ਸੀਮਤ ਸੀ ਅਤੇ ਪਰਿਵਾਰ ਦੀਆਂ ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਾਕਾਫ਼ੀ ਸੀ। ਅਜਿਹੇ ਸਮੇਂ ਵਿੱਚ, ਰਾਮਾਬਾਈ ਨੇ ਘਰ ਦੇ ਖ਼ਰਚੇ ਚਲਾਉਣ ਲਈ ਨਿਮਾਣੇ ਕੰਮ ਕੀਤੇ ਅਤੇ ਆਪਣੀ ਸਾਦਗੀ ਅਤੇ ਸਮਰਪਣ ਨਾਲ ਪਰਿਵਾਰ ਨੂੰ ਸੰਭਾਲਿਆ। ਉਨ੍ਹਾਂ ਦੀ ਇਹ ਕੁਰਬਾਨੀ ਭੀਮ ਰਾਓ ਨੂੰ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਵਿੱਚ ਮੱਦਦਗਾਰ ਸਾਬਤ ਹੋਈ।

ਰਾਮਾਬਾਈ ਆਪਣੇ ਪਰਿਵਾਰ ਤੋਂ ਇਲਾਵਾ ਆਪਣੇ ਜੇਠ ਦੇ ਟੱਬਰ ਦੀ ਵੀ ਦੇਖਭਾਲ ਕਰਦੀ ਸੀ। ਪਤੀ ਵਿਦੇਸ਼ ਹੋਵੇ ਅਤੇ ਖ਼ਰਚ ਵੀ ਖੁੱਲ੍ਹਾ ਨਾ ਹੋਵੇ, ਇਹੋ ਜਿਹੇ ਔਖੇ ਸਮੇਂ ਵੀ ਉਨ੍ਹਾਂ ਨੇ ਮੱਥੇ 'ਤੇ ਤਿਉੜੀਆਂ ਨਹੀਂ ਪਾਈਆਂ ਨਾ ਹੀ ਕੋਈ ਸ਼ਿਕਵਾ ਜਾਂ ਸ਼ਿਕਾਇਤ ਕੀਤੀ। ਘੱਟ ਆਮਦਨ ਅਤੇ ਵੱਡੇ ਪਰਿਵਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਹ ਬਹੁਤ ਸਿਆਣਪ ਨਾਲ ਘਰ ਚਲਾਉਂਦੀ ਸੀ ਕਈ ਵਾਰ ਮਾਚਿਸ ਦੀ ਇੱਕ ਡੱਬੀ ਨਾਲ ਉਹ ਪੂਰਾ ਮਹੀਨਾ ਕੰਮ ਚਲਾ ਲੈਂਦੀ ਸੀ। ਰਾਮਾਬਾਈ ਨੇ ਬਿਮਾਰੀ, ਦੁੱਖ, ਦੁਨੀਆਂ ਦੇ ਤ੍ਰਿਸਕਾਰ ਦਾ ਚੁੱਪ ਅਤੇ ਸਹਿਣਸ਼ੀਲਤਾ ਨਾਲ ਟਾਕਰਾ ਕੀਤਾ। ਉਹ ਬਾਜ਼ਰੇ ਦੀਆਂ ਰੋਟੀਆਂ ਬਣਾ ਕੇ ਕਦੇ ਆਚਾਰ ਤੇ ਕਦੇ ਪਿਆਜ਼ ਨਾਲ ਖਾ ਕੇ ਗੁਜ਼ਾਰਾ ਕਰਦੀ। ਕਈ ਵਾਰ ਉਸ ਨੂੰ ਭੁੱਖਾ ਰਹਿਣਾ ਪੈਂਦਾ ਸੀ, ਪਰ ਉਹ ਹਮੇਸ਼ਾ ਆਪਣੇ ਪਤੀ ਦੀ ਸਿੱਖਿਆ ਅਤੇ ਮਿਸ਼ਨ 'ਚ ਪੂਰਾ ਭਰੋਸਾ ਰੱਖਦੀ ਸੀ। ਬੱਚਿਆਂ ਨੂੰ ਸਮਝਾਉਣਾ, ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨਾ ਤੇ ਉਨ੍ਹਾਂ ਨੂੰ ਲਾਚਾਰ ਮਹਿਸੂਸ ਨਾ ਹੋਣ ਦੇਣਾ, ਇਹ ਸਾਰਾ ਕੰਮ ਰਾਮਾਬਾਈ ਨੇ ਧੀਰਜ ਅਤੇ ਮਮਤਾ ਨਾਲ ਕੀਤਾ। ਰਾਮਾਬਾਈ ਨੇ ਮਾਂ ਅਤੇ ਪਿਤਾ ਦੋਹਾਂ ਦੀ ਭੂਮਿਕਾ ਨਿਭਾਈ। ਘਰ ਦੇ ਗੁਜ਼ਾਰੇ ਲਈ ਉਹ ਕਈ ਵਾਰ ਕਿਸੇ ਪਿੰਡ ਵਿੱਚ ਜਾਂਦੀ ਤੇ ਘੱਟ ਪੈਸੇ ਖ਼ਰਚ ਕੇ ਪਾਥੀਆਂ ਦਾ ਢੇਰ ਖ਼ਰੀਦਦੀ। ਫਿਰ ਪਿੰਡੋਂ ਦੋ ਮੀਲ ਦੂਰ ਤੋਂ ਪਾਥੀਆਂ ਦਾ ਟੋਕਰਾ ਲੈ ਕੇ ਪੈਦਲ ਹੀ ਘਰ ਆਇਆ ਕਰਦੀ ਸੀ। ਜਦੋਂ ਉਹ ਸਿਰ ਉੱਤੇ ਪਾਥੀਆਂ ਦਾ ਟੋਕਰਾ ਚੁੱਕ ਕੇ ਆਉਂਦੀ ਸੀ ਤਾਂ ਔਰਤਾਂ ਉੱਚੀ ਆਵਾਜ਼ ਵਿੱਚ ਮਜ਼ਾਕੀਆ ਲਹਿਜ਼ੇ ਵਿੱਚ ਕਹਿੰਦੀਆਂ, "ਦੇਖੋ ਬੈਰਿਸਟਰ ਦੇ ਘਰ ਵਾਲੀ ਪਾਥੀਆਂ ਸਿਰ ਉੱਤੇ ਰੱਖ ਕੇ ਆ ਰਹੀ ਹੈ। ਆਪਣੇ ਬੈਰਿਸਟਰ ਪਤੀ ਦੀ ਇੱਜ਼ਤ ਮਿੱਟੀ ਵਿੱਚ ਮਿਲਾ ਰਹੀ ਹੈ। ਇਸ ਨੂੰ ਆਪਣੇ ਪਤੀ ਦੀ ਇੱਜ਼ਤ ਦੀ ਜ਼ਰਾ ਦੀ ਪ੍ਰਵਾਹ ਨਹੀਂ ਹੈ।" ਪ੍ਰੰਤੂ ਰਾਮਾਬਾਈ ਇਹਨਾਂ ਔਰਤਾਂ ਦੀਆਂ ਗੱਲਾਂ ਦੀ ਪ੍ਰਵਾਹ ਨਾ ਕਰਦੀ ਤੇ ਆਪਣੇ ਕੰਮ 'ਚ ਮਗਨ ਰਹਿੰਦੀ।

ਡਾ. ਭੀਮ ਰਾਓ ਅੰਬੇਡਕਰ ਇੱਕ ਵਾਰ ਬ੍ਰਿਟਿਸ਼ ਕਾਨੂੰਨ ਦੀਆਂ ਕਿਤਾਬਾਂ ਦੇ 5 ਭਾਗ ਪੰਜ ਸੌ ਰੁਪਏ ਵਿੱਚ ਖ਼ਰੀਦ ਕੇ ਘਰ ਲੈ ਆਏ। ਘਰ ਆਉਂਦਿਆਂ ਹੀ ਉਹਨਾਂ ਨੇ ਆਪਣੀ ਪਤਨੀ ਨੂੰ ਕਿਹਾ, "ਰਾਮੂ! ਦੇਖ ਅੱਜ ਮੈਂ ਕਾਨੂੰਨ ਦੀਆਂ ਕਿਤਾਬਾਂ ਬਹੁਤ ਘੱਟ ਮੁੱਲ 'ਤੇ ਖ਼ਰੀਦੀਆਂ ਹਨ। ਇਹਨਾਂ ਵਿੱਚ ਬ੍ਰਿਟਿਸ਼ ਕਾਨੂੰਨ ਬਾਰੇ ਵੇਰਵਾ ਹੈ।" ਇੰਨੀ ਦੇਰ ਨੂੰ ਰਾਮਾਬਾਈ ਨੇ ਖਾਣਾ ਪਰੋਸ ਦਿੱਤਾ। ਪਰੰਤੂ ਡਾ. ਅੰਬੇਡਕਰ ਕਾਨੂੰਨ ਦੀ ਇੱਕ ਕਿਤਾਬ ਨੂੰ ਪੜ੍ਹਣ ਵਿੱਚ ਰੁੱਝੇ ਹੋਏ ਸਨ। ਰਾਮਾਬਾਈ ਨੇ ਕਿਹਾ, "ਸਾਹਿਬ, ਖਾਣਾ ਠੰਡਾ ਹੋ ਰਿਹਾ ਹੈ।" ਡਾ. ਅੰਬੇਡਕਰ ਕਹਿਣ ਲੱਗੇ, "ਮੈਂ

ਕੁੱਝ ਪੰਨੇ ਪੜ੍ਹ ਕੇ ਖਾਂਦਾ ਹਾਂ।" ਇਹ ਸੁਣ ਕੇ ਰਾਮਾਬਾਈ ਕਹਿਣ ਲੱਗੀ, "ਸਾਹਿਬ। ਕੀ ਇਸ ਕਿਤਾਬ ਵਿੱਚ ਇਹ ਵੀ ਲਿਖਿਆ ਹੋਇਆ ਹੈ ਕਿ ਪਤੀ ਨੂੰ ਆਪਣੀ ਪਤਨੀ, ਬੱਚਿਆਂ ਅਤੇ ਪਰਿਵਾਰ ਦੀ ਦੇਖ-ਭਾਲ ਨਹੀਂ ਕਰਨੀ ਚਾਹੀਦੀ ਹੈ।" ਡਾ. ਅੰਬੇਡਕਰ ਆਪਣੀ ਪਤਨੀ ਦੇ ਭੋਲੇਪਨ 'ਤੇ ਹੱਸ ਪਏ ਅਤੇ ਕਿਤਾਬ ਬੰਦ ਕਰਕੇ ਖਾਣਾ ਖਾਣ ਲੱਗ ਪਏ। ਫੇਰ ਉਹ ਕਹਿਣ ਲੱਗੇ, "ਤੈਨੂੰ ਇਹ ਸ਼ਿਕਾਇਤ ਹੈ ਕਿ ਮੈਂ ਘਰ ਵੱਲ੍ਹ ਧਿਆਨ ਨੀਂ ਦਿੰਦਾ, ਹਾਂ, ਮੈਨੂੰ ਧਿਆਨ ਦੇਣਾ ਚਾਹੀਦਾ ਹੈ।" ਇਹ ਗੱਲ ਸੁਣ ਕੇ ਰਾਮਾਬਾਈ ਕਹਿਣ ਲੱਗੀ, "ਘਰ ਵਿੱਚ ਆਟਾ ਦਾਣਾ, ਸਬਜ਼ੀ, ਤੇਲ, ਨਮਕ, ਮਿਰਚ ਹੈ ਜਾਂ ਨਹੀਂ ਇਸ ਬਾਰੇ ਵੀ ਪਤੀ ਨੂੰ ਧਿਆਨ ਰੱਖਣਾ ਚਾਹੀਦਾ ਹੈ। ਬੱਚਿਆਂ ਨੂੰ ਕਦੀ-ਕਦੀ ਬਾਹਰ ਘੁਮਾਉਣ ਲਈ ਲੈ ਜਾਣਾ ਚਾਹੀਦਾ ਹੈ। ਪਰੰਤੂ ਆਪ ਉਠਤੇ-ਬੈਠਤੇ, ਸੋਤੇ-ਜਾਗਤੇ ਕਿਤਾਬੇਂ ਹੀ ਪੜ੍ਹਤੇ ਰਹਿਤੇ ਹੈਂ। ਇਹਨਾਂ ਕਿਤਾਬਾਂ ਉੱਤੇ ਪੰਜ ਸੌ ਰੁਪਿਆ ਖ਼ਰਚ ਕਰਨ ਦੀ ਕੀ ਜ਼ਰੂਰਤ ਸੀ । ਥੋੜੇ ਦਿਨਾਂ ਬਾਅਦ ਆਪ ਇੱਕ ਹੋਰ ਬੱਚੇ ਦੇ ਬਾਪ ਬਣਨੇ ਵਾਲੇ ਹੋ। ਆਪ ਨੂੰ ਇਸ ਬਾਰੇ ਵੀ ਕੁੱਝ ਸੋਚਣਾ ਚਾਹੀਦਾ ਹੈ।" ਡਾ. ਅੰਬੇਡਕਰ ਨੇ ਉਸ ਦੀਆਂ ਗੱਲਾਂ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਵਾਅਦਾ ਕੀਤਾ ਕਿ ਉਹ ਅੱਗੇ ਨੂੰ ਧਿਆਨ ਰੱਖਣਗੇ।

ਦੂਜੇ ਦਿਨ ਘਰ ਪਰਤਣ ਤੋਂ ਪਹਿਲਾ ਡਾ. ਅੰਬੇਡਕਰ ਸਬਜ਼ੀ ਮੰਡੀ ਗਏ। ਢੇਰ ਸਾਰੀ ਸਬਜ਼ੀ ਖ਼ਰੀਦੀ ਤੇ ਘਰ ਲੈ ਆਏ। ਇੰਨੀ ਸਬਜ਼ੀ ਦੇਖ ਕੇ ਉਹਨਾਂ ਦੀ ਭਰਜਾਈ ਸ੍ਰੀਮਤੀ ਲਕਸ਼ਮੀ ਬਾਈ ਨੇ ਕਿਹਾ, "ਇੰਨੀ ਸਬਜ਼ੀ ਨੂੰ ਇੱਕ ਦਿਨ ਵਿੱਚ ਕੌਣ ਖਾਊਗਾ? ਦੋ ਤਿੰਨ ਦਿਨਾਂ ਵਿੱਚ ਇਹ ਸਬਜ਼ੀ ਖ਼ਰਾਬ ਹੋ ਜਾਵੇਗੀ।" ਡਾ. ਅੰਬੇਡਕਰ ਨੇ ਆਪਣੀ ਭਰਜਾਈ ਨੂੰ ਕੋਈ ਉੱਤਰ ਨਾ ਦਿੱਤਾ ਅਤੇ ਸਿੱਧੇ ਰਮਾ ਪਾਸ ਚਲੇ ਗਏ। ਉਸ ਦੇ ਸਾਹਮਣੇ ਸਾਰੀ ਸਬਜ਼ੀ ਰੱਖ ਦਿੱਤੀ । ਰਾਮਾਬਾਈ ਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋਈ ਕਿ ਉਹਨਾਂ ਦਾ ਪਤੀ ਹੁਣ ਘਰ ਵੱਲ੍ਹ ਦਿਲਚਸਪੀ ਲੈਣ ਲੱਗਾ ਹੈ। ਉਸ ਨੇ ਆਪਣੀ ਜੇਠਾਣੀ ਦੀ ਵੀ ਗੱਲ ਸੁਣ ਲਈ ਸੀ । ਜਦੋਂ ਰਮਾ ਨੇ ਫੇਰ ਸਾਰੀ ਸਬਜ਼ੀ ਨੂੰ ਤੱਕਿਆ ਤਾਂ ਉਸ ਦਾ ਵੀ ਹਾਸਾ ਨਿਕਲ ਗਿਆ। ਇਹ ਵੇਖ ਡਾ. ਅੰਬੇਡਕਰ ਉੱਥੋਂ ਖਿਸਕ ਗਏ!

ਡਾ. ਅੰਬੇਡਕਰ ਨੇ ਸਬਜ਼ੀ ਵਾਲੀ ਘਟਨਾ ਦਾ ਜ਼ਿਕਰ ਆਪਣੇ ਦਫ਼ਤਰ ਵਿੱਚ ਆਪਣੇ ਸਾਥੀਆਂ ਕੋਲ ਕੀਤਾ। ਉਹ ਵੀ ਸਾਰੇ ਹੱਸਣ ਲੱਗ ਪਏ। ਡਾ. ਅੰਬੇਡਕਰ ਕਹਿਣ ਲੱਗੇ, "ਘਰ ਗ੍ਰਹਿਸਥੀ ਵੱਲ੍ਹ ਧਿਆਨ ਦੇਣ ਲਈ ਮੇਰੇ ਕੋਲ ਸਮਾਂ ਨਹੀਂ ਹੈ ਅਤੇ ਨਾ ਹੀ ਮੈਨੂੰ ਇਸ ਬਾਰੇ ਕੋਈ ਤਜ਼ਰਬਾ ਹੈ। ਘਰ ਪਤਨੀ ਤੇ ਭਾਬੀ ਹੈ ਤਾਂ ਘਰ ਠੀਕ ਠੀਕ ਚਲਦਾ ਹੈ। ਪਤਨੀ ਅਤੇ ਪੁੱਤਰਾਂ ਨਾਲ ਕਿਹੋ ਜਿਹਾ ਵਿਵਹਾਰ ਕਰਨਾ ਹੈ ਇਹ ਆਪਣੀ ਸਮਝ ਤੋਂ ਬਾਹਰ ਹੈ। ਮੈਨੂੰ ਤਾਂ ਕੇਵਲ ਕਿਤਾਬਾਂ ਚਾਹੀਦੀਆਂ ਹਨ, ਰੋਟੀ ਮਿਲੇ ਜਾਂ ਨਾ ਮਿਲੇ।"

(ਬਾਕੀ ਸਫਾ 20 ਤੇ)

ਪ੍ਰੋਫ਼ੈਸਰ ਮਨਜੀਤ ਤਿਆਗੀ
ਲੇਖਕ : ਪ੍ਰੋਫ਼ੈਸਰ ਮਨਜੀਤ ਤਿਆਗੀ 'ਸਟੇਟ ਐਵਾਰਡੀ'
ਸੰਸਥਾਪਕ ਤੇ ਮੁੱਖ ਬੁਲਾਰਾ: ਮਿਸ਼ਨ "ਜ਼ਿੰਦਗੀ ਖ਼ੂਬਸੂਰਤ ਹੈ"
ਮਾਲੇਰਕੋਟਲਾ/ ਅੰਮ੍ਰਿਤਸਰ (ਪੰਜਾਬ) 9814096108

ਭੀਮ ਨੂੰ ਡਾ. ਭੀਮ ਰਾਓ ਅੰਬੇਡਕਰ...

ਰਾਮਾਬਾਈ ਆਦਰ-ਸਤਿਕਾਰ ਨਾਲ ਡਾ. ਅੰਬੇਡਕਰ ਨੂੰ 'ਸਾਹੇਬ' ਕਹਿ ਕੇ ਪੁਕਾਰਦੀ ਸੀ। ਡਾ. ਅੰਬੇਡਕਰ ਅਕਸਰ ਕਹਿੰਦੇ ਸਨ, "ਮੈਨੂੰ ਬਣਾਉਣ ਵਾਲੀ ਰਾਮਾਬਾਈ ਹੈ।" ਇਹ ਸ਼ਬਦ ਉਨ੍ਹਾਂ ਦੀ ਪਤਨੀ ਪ੍ਰਤੀ ਉਨ੍ਹਾਂ ਦੇ ਅਥਾਹ ਸਤਿਕਾਰ ਅਤੇ ਪਿਆਰ ਨੂੰ ਦਰਸਾਉਂਦੇ ਹਨ। ਰਾਮਾਬਾਈ ਨੇ ਨਾ ਸਿਰਫ਼ ਘਰ ਦੀ ਜ਼ਿੰਮੇਵਾਰੀ ਨਿਭਾਈ, ਸਗੋਂ ਭੀਮ ਰਾਓ ਨੂੰ ਸਮਾਜਿਕ ਅਸਮਾਨਤਾ ਅਤੇ ਜਾਤੀਵਾਦ ਦੇ ਖ਼ਿਲਾਫ਼ ਲੜਨ ਦੀ ਹਿੰਮਤ ਵੀ ਦਿੱਤੀ।

ਦੁਖਦਾਈ ਗੱਲ ਇਹ ਹੈ ਕਿ ਰਾਮਾਬਾਈ ਦੀ ਜ਼ਿੰਦਗੀ ਬਹੁਤ ਛੋਟੀ ਸੀ। ਲੰਮੀ ਬਿਮਾਰੀ ਅਤੇ ਆਰਥਿਕ ਤੰਗੀ ਦੇ ਕਾਰਨ, 27 ਮਈ 1935 ਨੂੰ, 37 ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਨੇ ਡਾ. ਅੰਬੇਡਕਰ ਨੂੰ ਡੂੰਘਾ ਸਦਮਾ ਦਿੱਤਾ। ਉਨ੍ਹਾਂ ਨੇ ਆਪਣੀ ਜੀਵਨੀ ਵਿੱਚ ਲਿਖਿਆ, "ਰਾਮਾ ਗਈ, ਤੇ ਮੇਰੇ ਜੀਵਨ ਦੀ ਆਧਾਰਸ਼ੀਲਾ ਵੀ ਨਾਲ ਹੀ ਟੁੱਟ ਗਈ।" ਉਨ੍ਹਾਂ ਨੇ ਆਪਣੀ ਪਤਨੀ ਦੀ ਯਾਦ ਵਿੱਚ ਕਈ ਪੱਤਰ ਅਤੇ ਲਿਖਤਾਂ ਰਾਹੀਂ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਤਿਕਾਰ ਦਿੱਤਾ।

ਡਾ. ਅੰਬੇਡਕਰ ਪਿਆਰ ਨਾਲ ਰਾਮਾਬਾਈ ਨੂੰ 'ਰਾਮੂ' ਤੇ ਕਦੇ 'ਰਮਾਈ' ਕਹਿ ਕੇ ਪੁਕਾਰਿਆ ਕਰਦੇ ਸਨ। ਦਸੰਬਰ 1940 ਵਿੱਚ ਡਾ. ਅੰਬੇਡਕਰ ਨੇ ਆਪਣੀ ਕਿਤਾਬ 'ਥਾਟਸ ਆਨ ਪਾਕਿਸਤਾਨ', ਆਪਣੀ ਪਤਨੀ 'ਰਾਮੂ' ਨੂੰ ਭੇਂਟ ਕਰਦਿਆਂ ਲਿਖਿਆ;

(ਮੈਂ ਇਹ ਕਿਤਾਬ) "ਰਾਮੂ' ਨੂੰ, ਉਸ ਦੇ ਦਿਲ ਦੀ ਚੰਗਿਆਈ, ਮਨ ਦੀ ਨੇਕੀ, ਸਦਾਚਾਰ ਦੀ ਪਵਿੱਤਰਤਾ ਅਤੇ ਮੇਰੇ ਨਾਲ ਦੁੱਖ ਕੱਟਣ ਵਿੱਚ, ਥੁੜ ਅਤੇ ਪ੍ਰੇਸ਼ਾਨੀ ਦੇ ਦਿਨਾਂ ਵਿੱਚ ਜਦੋਂ ਸਾਡਾ ਕੋਈ ਮੱਦਦਗਾਰ ਨਹੀਂ ਸੀ, ਅੱਤ ਦੀ ਸਹਿਣਸ਼ੀਲਤਾ ਅਤੇ ਰਜ਼ਾਮੰਦੀ ਵਿਖਾਉਣ ਦੀ ਪ੍ਰਸ਼ੰਸਾ ਬਦਲੇ ਭੇਂਟ ਕਰਦਾ ਹਾਂ।"

ਉਪਰੋਕਤ ਸ਼ਬਦਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਸ ਤਰ੍ਹਾਂ ਰਾਮਾਬਾਈ ਨੇ ਮੁਸੀਬਤਾਂ ਦੇ ਦਿਨਾਂ ਵਿੱਚ ਅੰਬੇਡਕਰ ਦਾ ਸਾਥ ਦਿੱਤਾ ਅਤੇ ਬਾਬਾ ਸਾਹਿਬ ਦੇ ਦਿਲ ਵਿੱਚ ਉਨ੍ਹਾਂ ਲਈ ਕਿੰਨਾ ਸਤਿਕਾਰ ਅਤੇ ਪਿਆਰ ਸੀ।

ਡਾ. ਅੰਬੇਡਕਰ ਨੂੰ ਵਾਇਸਰਾਏ ਹਿੰਦ ਦੀ ਕਾਰਜ ਸਾਧਕ ਕੌਂਸਲ ਵਿੱਚ ਸੁਰੱਖਿਆ ਸਲਾਹਕਾਰ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ। 21 ਜੁਲਾਈ 1942 ਨੂੰ ਹਜ਼ਾਰਾਂ ਲੋਕ ਬਾਬਾ ਸਾਹਿਬ ਨੂੰ ਨਵੀਂ ਦਿੱਲੀ ਰਵਾਨਾ ਕਰਨ ਲਈ ਬੰਬਈ ਦੇ ਸੈਂਟਰਲ ਸਟੇਸ਼ਨ 'ਤੇ ਆਏ ਹੋਏ ਸਨ। ਚਾਰੇ ਪਾਸੇ 'ਬਾਬਾ ਸਾਹਿਬ ਡਾ. ਅੰਬੇਡਕਰ' ਜ਼ਿੰਦਾਬਾਦ ਦੇ ਨਾਅਰੇ ਲੱਗ ਰਹੇ ਸਨ। ਪਰੰਤੂ ਡਾ. ਅੰਬੇਡਕਰ ਚੁੱਪ-ਚਾਪ ਬੈਠੇ ਸਨ। ਸੈਂਕੜਿਆਂ ਦੀ ਤਾਦਾਦ ਵਿੱਚ ਉਹਨਾਂ ਦੇ ਪੈਰੋਕਾਰਾਂ ਨੇ ਉਹਨਾਂ ਦੇ ਗਲੇ ਵਿੱਚ ਹਾਰ ਪਾਏ। ਉਹ ਉਦਾਸ ਸਨ ਤੇ ਸੋਚ ਰਹੇ ਸਨ, "ਕਾਸ਼! ਅੱਜ ਰਾਮਾਬਾਈ ਜ਼ਿੰਦਾ ਹੁੰਦੀ ਤਾਂ ਕਿੰਨਾ ਖੁਸ਼ ਹੁੰਦੀ।" ਡਾ. ਅੰਬੇਡਕਰ ਆਪਣੇ ਵਿਚਾਰਾਂ ਵਿੱਚ ਗੁਮ ਸਨ। ਬਾਹਰ ਉਹਨਾਂ ਦੇ ਨਾਂ ਦੀ ਜੈ ਜੈ ਕਾਰ ਹੋ ਰਹੀ ਸੀ। ਗਾਰਡ ਨੇ ਸੀਟੀ ਬਜਾਈ, ਹਰੀ ਝੰਡੀ ਦਿੱਤੀ ਅਤੇ ਗੱਡੀ ਹੌਲੀ-ਹੌਲੀ ਨਵੀਂ ਦਿੱਲੀ ਵੱਲ ਚਲ ਪਈ। ਡਾ. ਅੰਬੇਡਕਰ ਦੇ ਸਾਹਮਣੇ ਰਾਮਾਬਾਈ ਦਾ ਚਿਹਰਾ ਘੁੰਮ ਰਿਹਾ ਸੀ। ਇੱਕ ਪਾਸੇ ਉਹਨਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਆ ਰਹੇ ਸਨ ਅਤੇ ਦੂਜੇ ਪਾਸੇ ਫਰੰਟੀਅਰ-ਮੇਲ ਪੂਰੀ ਰਫ਼ਤਾਰ ਨਾਲ ਜਾ ਰਹੀ ਸੀ।(ਜਦੋਂ ਸੁੱਖ ਭੋਗਣ ਦਾ ਸਮਾਂ ਆਇਆ ਉਸ ਸਮੇਂ ਰਾਮਾਬਾਈ ਇਸ ਦੁਨੀਆਂ 'ਚ ਨਹੀਂ ਸੀ)

ਡਾ. ਅੰਬੇਡਕਰ ਨੇ 20 ਜਨਵਰੀ 1944 ਨੂੰ ਨਵੀਂ ਦਿੱਲੀ ਵਿਖੇ ਆਪਣੀ ਜੀਵਨ ਸਾਥਣ ਦੀ ਦੁੱਖਾਂ ਭਰੀ ਦਾਸਤਾਨ ਦੱਸਦਿਆਂ ਕਿਹਾ, "ਮੇਰੀ ਰਾਮੂ ਬਹੁਤ ਭੋਲੀ ਸੀ। ਉਸ ਦੇ ਦਿਲ ਵਿੱਚ ਛਲ-ਕਪਟ ਵਾਸਤੇ ਕੋਈ ਜਗ੍ਹਾ ਨਹੀਂ ਸੀ। ਜੇ ਮੈਂ ਕਦੀ ਬੀਮਾਰ ਹੋ ਜਾਂਦਾ ਸੀ ਤਾਂ ਉਹ ਦਿਨ ਰਾਤ ਮੇਰੀ ਸੇਵਾ ਕਰਦੀ ਸੀ। ਉਹ ਸੁਭਾਅ ਦੀ ਜ਼ਿੱਦੀ ਅਤੇ ਆਪਣੀ ਗੱਲ ਤੇ ਅਟੱਲ ਰਹਿਣ ਵਾਲੀ ਸੀ । ਪਰੰਤੂ ਬਹੁਤ ਨਰਮ ਦਿਲ ਵਾਲੀ ਔਰਤ ਸੀ। ਉਸ ਦਾ ਦਿਲ ਸੇਵਾ ਅਤੇ ਤਿਆਗ ਦੀ ਭਾਵਨਾ ਨਾਲ ਭਰਿਆ ਹੋਇਆ ਸੀ। ਮਹਾੜ ਅੰਦੋਲਨ ਤੋਂ ਬਾਅਦ ਮੇਰੇ ਕੋਲ ਲੋਕਾਂ ਦਾ ਆਉਣਾ ਬਹੁਤ ਵੱਧ ਗਿਆ ਸੀ। ਉਹ ਆਏ ਹੋਏ ਸਾਰੇ ਮਹਿਮਾਨਾਂ ਦੀ ਬਹੁਤ ਸੇਵਾ ਅਤੇ ਸਤਿਕਾਰ ਕਰਦੀ ਸੀ। ਦਿਨ ਹੋਵੇ ਜਾਂ ਰਾਤ ਉਹ ਹਰੇਕ ਮਹਿਮਾਨ ਵਾਸਤੇ ਚਾਹ-ਪਾਣੀ ਦਾ ਪ੍ਰਬੰਧ ਕਰਦੀ ਸੀ। ਉਹ ਖਾਣਾ ਪਕਾਉਣ ਵਿੱਚ ਬਹੁਤ ਪ੍ਰਵੀਨ ਸੀ। ਉਹ ਬਹੁਤ ਮਜ਼ੇਦਾਰ ਖਾਣਾ ਪਕਾਇਆ ਕਰਦੀ ਸੀ ਅਤੇ ਸਾਰਿਆਂ ਨੂੰ ਖਵਾ ਦਿੰਦਾ ਸੀ। ਮਹਾੜ ਅੰਦੋਲਨ ਵਿੱਚ ਮੈਨੂੰ ਜਾਨ ਤੋਂ ਮਾਰਨ ਦੀ ਸਾਜ਼ਿਸ਼ ਬਾਰੇ ਜਦੋਂ ਉਸ ਨੂੰ ਪਤਾ ਲੱਗਾ ਤਾਂ ਉਹ ਬਹੁਤ ਡਰ ਗਈ ਸੀ। ਉਹ ਇੱਕ ਵਾਰ ਨਹੀਂ ਬਲਕਿ ਕਈ ਵਾਰ ਕਿਹਾ ਕਰਦੀ ਸੀ ਕਿ ਉਹ ਵੀ ਮੇਰੇ ਨਾਲ ਬਾਹਰ ਜਾਇਆ ਕਰੇਗੀ। ਇਸ ਤਰ੍ਹਾਂ ਮੇਰੇ ਅੰਗ-ਸੰਗ ਰਹਿਕੇ ਮੇਰੀ ਰੱਖਿਆ ਕਰਿਆ ਕਰੇਗੀ। ਮੈਂ ਉਸ ਨੂੰ ਸਮਝਾ ਦਿੰਦਾ ਕਿ ਬੱਚਿਆਂ ਨੂੰ ਸੰਭਾਲਣ ਅਤੇ ਘਰ ਦੇ ਸਾਰੇ ਪਰਿਵਾਰ ਦੀ ਦੇਖਭਾਲ, ਉਸ ਵਾਸਤੇ ਬਹੁਤ ਜ਼ਿੰਮੇਵਾਰੀ ਹੈ। ਉਹ ਮੇਰੀ ਗੱਲ 'ਤੇ ਰਾਜ਼ੀ ਹੋ ਜਾਂਦੀ ਸੀ । ਉਸ ਦੀ ਨੇਕੀ ਅਤੇ ਮਨ ਦੀ ਪਵਿੱਤਰਤਾ ਨੂੰ ਮੈਂ ਕਦੇ ਵੀ ਭੁਲਾ ਨਹੀਂ ਸਕਦਾ।"

ਰਾਮਾਬਾਈ ਦੀ ਮੌਤ ਤੋਂ ਬਾਅਦ, ਡਾ. ਅੰਬੇਡਕਰ ਨੇ ਆਪਣੇ ਸਮਾਜ ਸੁਧਾਰ ਦੇ ਕੰਮ ਨੂੰ ਹੋਰ ਜ਼ੋਰਦਾਰ ਢੰਗ ਨਾਲ ਅੱਗੇ ਵਧਾਇਆ, ਜਿਸ ਵਿੱਚ ਭਾਰਤੀ ਸੰਵਿਧਾਨ ਦੀ ਰਚਨਾ ਅਤੇ ਦਲਿਤ ਵਰਗ ਦੇ ਉਥਾਨ ਲਈ ਯਤਨ ਸ਼ਾਮਿਲ ਸਨ। ਰਾਮਾਬਾਈ ਦੀ ਮੌਤ ਨੇ ਡਾ. ਅੰਬੇਡਕਰ ਨੂੰ ਭਾਵਨਾਤਮਕ ਅਤੇ ਮਾਨਸਿਕ ਤੌਰ 'ਤੇ ਤੋੜ ਦਿੱਤਾ, ਪਰ ਉਹ ਰਾਮਾਬਾਈ ਦੀਆਂ ਸਿੱਖਿਆਵਾਂ ਅਤੇ ਸਮਰਪਣ ਨੂੰ ਅੱਗੇ ਲੈ ਕੇ ਗਏ। ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਸਤਿਕਾਰ ਦੇ ਤੌਰ 'ਤੇ ਅੱਜ ਵੀ 'ਮਾਤਾ ਰਾਮਾਬਾਈ ਅੰਬੇਡਕਰ' ਦੇ ਰੂਪ ਵਿੱਚ ਯਾਦ ਕੀਤਾ ਜਾਂਦਾ ਹੈ।ਰਾਮਾਬਾਈ ਅੰਬੇਡਕਰ ਇੱਕ ਅਜਿਹੀ ਔਰਤ ਸਨ ਜਿਨ੍ਹਾਂ ਨੇ ਸਮਾਜਿਕ ਅਤੇ ਆਰਥਿਕ ਰੁਕਾਵਟਾਂ ਦੇ ਬਾਵਜੂਦ ਆਪਣੇ ਪਤੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀ ਸਾਦਗੀ, ਸਬਰ ਅਤੇ ਸਮਰਪਣ ਨੇ ਭੀਮ ਰਾਓ ਨੂੰ ਡਾਕਟਰ ਭੀਮ ਰਾਓ ਅੰਬੇਡਕਰ ਬਣਾਉਣ ਵਿੱਚ ਮੱਦਦ ਕੀਤੀ। ਰਾਮਾਬਾਈ ਦੀ ਜ਼ਿੰਦਗੀ ਸਾਨੂੰ ਸਿਖਾਉਂਦੀ ਹੈ ਕਿ ਪਿਆਰ, ਸਮਰਪਣ ਅਤੇ ਕੁਰਬਾਨੀ ਨਾਲ ਵੱਡੇ ਸੁਪਨੇ ਸਾਕਾਰ ਕੀਤੇ ਜਾ ਸਕਦੇ ਹਨ। ਅੱਜ, ਜਦੋਂ ਅਸੀਂ ਡਾ. ਅੰਬੇਡਕਰ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦੇ ਹਾਂ, ਤਾਂ ਸਾਨੂੰ ਮਾਤਾ ਰਾਮਾਬਾਈ ਦੀਆਂ ਕੁਰਬਾਨੀਆਂ ਅਤੇ ਯੋਗਦਾਨ ਨੂੰ ਵੀ ਨਹੀਂ ਭੁੱਲਣਾ ਚਾਹੀਦਾ, ਜਿਨ੍ਹਾਂ ਦੀ ਦ੍ਰਿੜ੍ਹਤਾ ਅਤੇ ਸਮਰਥਨ ਨੇ ਸਾਨੂੰ ਇੱਕ ਮਹਾਨ ਸਮਾਜ ਸੁਧਾਰਕ ਦਿੱਤਾ।

ਮਿਸ਼ਨ 2027 ਤਹਿਤ ਲਖਨਊ ਵਿਖੇ ਬਸਪਾ ਦੀ ਮਹੱਤਵਪੂਰਣ ਮੀਟਿੰਗ ਦੇ ਸੰਭਾਵੀ ਰਾਜਨੀਤਕ ਪ੍ਰਭਾਵ: ਇਕ ਵਿਸ਼ਲੇਸ਼ਣ

ਲਖਨਊ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਨੇ ਇੱਕ ਬਹੁਤ ਮਹੱਤਵਪੂਰਨ ਸੂਬਾ ਪੱਧਰੀ ਮੀਟਿੰਗ ਕੀਤੀ। ਇਹ ਮੀਟਿੰਗ ਪਾਰਟੀ ਦੇ ਰਾਜ ਪੱਧਰੀ ਅਹੁਦੇਦਾਰਾਂ, 403 ਵਿਧਾਨ ਸਭਾ ਹਲਕਿਆਂ ਦੇ ਇੰਚਾਰਜਾਂ/ਪ੍ਰਧਾਨਾਂ, ਜ਼ਿਲ੍ਹਾ ਪ੍ਰਧਾਨਾਂ, ਭਾਈਚਾਰਾ ਕਮੇਟੀਆਂ ਦੇ ਮੁਖੀਆਂ ਆਦਿ ਨਾਲ ਹੋਈ। ਇਸ ਨੂੰ 2027 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਜੋਂ ਵੇਖਿਆ ਜਾ ਰਿਹਾ ਹੈ। ਇਸ ਮੀਟਿੰਗ ਦੌਰਾਨ ਪੰਜਾਬ ਦੀਆਂ ਭਵਿੱਖ ਵਿਚ ਹੋਣ ਵਾਲੀਆਂ ਚੋਣਾਂ ਸੰਬੰਧੀ ਵੀ ਚਰਚਾ ਕੀਤੀ ਗਈ।

ਮੀਟਿੰਗ ਦਾ ਮੁੱਖ ਸਾਰ ਤੱਤ (ਮੁੱਖ ਜਾਣਕਾਰੀ):

ਵਿਰੋਧੀਆਂ ਵੱਲੋਂ ਸਾਜ਼ਿਸ਼ਾਂ ਦਾ ਦੋਸ਼: ਮਾਇਆਵਤੀ ਜੀ ਨੇ ਕਿਹਾ ਕਿ ਬਸਪਾ ਨੂੰ ਕਮਜ਼ੋਰ ਕਰਨ ਲਈ ਵਿਰੋਧੀ ਪਾਰਟੀਆਂ ਵੱਲੋਂ ਨਵੀਆਂ ਤਰਕੀਬਾਂ ਅਤੇ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਪਾਰਟੀ ਵਰਕਰਾਂ ਨੂੰ ਇਸ ਬਾਰੇ ਚੇਤੰਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਅਲਰਟ ਰਹਿਣ ਲਈ ਕਿਹਾ ਗਿਆ।

ਬ੍ਰਾਹਮਣ ਸਮੁਦਾਏ ਉੱਤੇ ਫੋਕਸ: ਉਨ੍ਹਾਂ ਨੇ ਬ੍ਰਾਹਮਣਾਂ ਦੇ ਮੁੱਦਿਆਂ ਉੱਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਬਸਪਾ ਨੇ ਹੀ ਬ੍ਰਾਹਮਣਾਂ ਨੂੰ ਸਭ ਤੋਂ ਵੱਧ ਸਤਿਕਾਰ, ਸਸ਼ਕਤੀਕਰਨ ਅਤੇ ਸੁਰੱਖਿਆ ਦਿੱਤੀ ਹੈ (ਖਾਸ ਕਰਕੇ 2007 ਵਾਲੀ ਸਰਕਾਰ ਵਿੱਚ)। ਇਹ ਪਾਰਟੀ ਦੀ ਪੁਰਾਣੀ "ਬ੍ਰਾਹਮਣ-ਦਲਿਤ" ਗਠਜੋੜ ਵਾਲੀ ਰਣਨੀਤੀ ਨੂੰ ਮੁੜ ਜਿਉਂਦਾ ਕਰਨ ਵਰਗਾ ਲੱਗ ਰਿਹਾ ਹੈ।

ਬਹੁਜਨ ਅਤੇ ਹੋਰ ਵਰਗਾਂ ਦੇ ਮੁੱਦੇ: ਮੀਟਿੰਗ ਵਿੱਚ ਦਲਿਤਾਂ, ਆਦਿਵਾਸੀਆਂ, ਪਛੜੇ ਵਰਗਾਂ, ਮੁਸਲਿਮਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ, ਕਿਸਾਨਾਂ, ਮਜ਼ਦੂਰਾਂ, ਕਰਮਚਾਰੀਆਂ ਅਤੇ ਵਪਾਰੀਆਂ ਦੀ ਭੈੜੀ ਹਾਲਤ ਬਾਰੇ ਚਰਚਾ ਹੋਈ। ਕੇਂਦਰ ਅਤੇ ਸੂਬਾ ਸਰਕਾਰਾਂ (ਮੌਜੂਦਾ ਅਤੇ ਪਿਛਲੀਆਂ) ਉੱਤੇ ਇਨ੍ਹਾਂ ਵਰਗਾਂ ਪ੍ਰਤੀ ਲਾਪਰਵਾਹੀ ਦਾ ਦੋਸ਼ ਲਾਇਆ ਗਿਆ।

ਸੰਗਠਨਾਤਮਕ ਤਬਦੀਲੀਆਂ: ਮਾਇਆਵਤੀ ਜੀ ਨੇ ਵੱਡੀ ਸੰਗਠਨਾਤਮਕ ਰੀ-ਸ਼ਫਲਿੰਗ ਦਾ ਐਲਾਨ ਕੀਤਾ। ਵਫ਼ਾਦਾਰ ਅਤੇ "ਮਿਸ਼ਨਰੀ ਮਾਈਂਡਡ" ਵਰਕਰਾਂ ਨੂੰ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ ਤਾਂ ਜੋ "ਮਿਸ਼ਨ 2027" ਨੂੰ 2007 ਵਰਗੀ ਜਿੱਤ ਵੱਲ ਲੈ ਜਾਇਆ ਜਾ ਸਕੇ।

ਚੋਣਾਂ ਲਈ ਤਿਆਰੀ: ਸ਼ੁੱਧ (ਸੰਭਾਵਿਤ ਵੋਟਰ ਲਿਸਟ ਅਪਡੇਟ ਜਾਂ ਸੰਬੰਧਿਤ ਕੰਮ) ਕਾਰਨ ਪਾਰਟੀ ਕੰਮ ਵਿੱਚ ਦੇਰੀ ਹੋਈ ਪਰ ਇਸ ਨੂੰ ਜਲਦੀ ਪੂਰਾ ਕਰਨ ਅਤੇ ਵਰਕਰਾਂ ਨੂੰ ਪੂਰੀ ਤਰ੍ਹਾਂ ਸਰਗਰਮ ਰਹਿਣ ਲਈ ਕਿਹਾ ਗਿਆ। ਉਨ੍ਹਾਂ ਨੇ ਕਿਹਾ ਕਿ ਚੋਣਾਂ ਨੇੜੇ ਹਨ ਇਸ ਲਈ "ਬੈਲਟ ਟਾਈਟਨ" (ਕਮਰਕਸੇ ਕਰ ਲਵੋ) ਕਰੋ।

ਸਿਆਸੀ ਭਵਿੱਖੀ ਪ੍ਰਭਾਵਾਂ ਦਾ ਵਿਸਥਾਰ ਵਿਸ਼ਲੇਸ਼ਣ:

ਇਹ ਮੀਟਿੰਗ ਬਸਪਾ ਲਈ 2027 ਯੂ.ਪੀ. ਚੋਣਾਂ ਵਿੱਚ ਵਾਪਸੀ ਦੀ ਮਜ਼ਬੂਤ ਕੋਸ਼ਿਸ਼ ਵਜੋਂ ਵੇਖੀ ਜਾ ਰਹੀ ਹੈ, ਜਿੱਥੇ ਪਾਰਟੀ ਨੇ ਪਿਛਲੀਆਂ ਚੋਣਾਂ ਵਿੱਚ ਬਹੁਤ ਘੱਟ ਸੀਟਾਂ ਹੀ ਜਿੱਤੀਆਂ ਸਨ। ਮੁੱਖ ਪ੍ਰਭਾਵ ਇਸ ਤਰ੍ਹਾਂ ਹੋ ਸਕਦੇ ਹਨ:

ਬ੍ਰਾਹਮਣ ਵੋਟ ਬੈਂਕ ਵੱਲ ਵਾਪਸੀ ਦੀ ਕੋਸ਼ਿਸ਼: ਬਸਪਾ ਦੀ 2007 ਵਾਲੀ ਸਫਲਤਾ ਦਾ ਰਾਜ ਬ੍ਰਾਹਮਣ-ਦਲਿਤ ਗਠਜੋੜ ਸੀ। ਹੁਣ ਫਿਰ ਬ੍ਰਾਹਮਣ ਮੁੱਦਿਆਂ (ਜਿਵੇਂ ਕਿ ਹਾਲ ਹੀ ਵਿੱਚ 'ਘੂਸਖੋਰ ਪੰਡਤ' ਵੈੱਬ ਸੀਰੀਜ਼ ਵਿਰੋਧ) ਉੱਤੇ ਜ਼ੋਰ ਦੇ ਕੇ ਪਾਰਟੀ ਬ੍ਰਾਹਮਣ ਵੋਟਰਾਂ (ਲਗਭਗ 10-12%) ਨੂੰ ਆਕਰਸ਼ਿਤ ਕਰਨਾ ਚਾਹੁੰਦੀ ਹੈ। ਜੇ ਇਹ ਕੰਮ ਕਰ ਗਿਆ ਤਾਂ ਬਸਪਾ ਨੂੰ ਮਜ਼ਬੂਤ ਗਠਜੋੜ ਮਿਲ ਸਕਦਾ ਹੈ ਅਤੇ ਬੀਜੇਪੀ ਦੇ ਵੋਟ ਬੈਂਕ ਵਿੱਚ ਸੇਂਧ ਲੱਗ ਸਕਦੀ ਹੈ।

ਬਹੁਜਨ ਬੇਸ ਨੂੰ ਮਜ਼ਬੂਤ ਕਰਨਾ: ਦਲਿਤ, ਪਛੜੇ ਅਤੇ ਮੁਸਲਿਮ ਵੋਟਰਾਂ ਨੂੰ ਇੱਕਜੁਟ ਕਰਨ ਲਈ ਸਰਕਾਰਾਂ ਦੀ ਨੀਤੀਆਂ ਉੱਤੇ ਹਮਲਾ। ਇਹ ਐਂਟੀ-ਬੀਜੇਪੀ ਅਤੇ ਐਂਟੀ-ਐੱਸਪੀ ਵੋਟ ਨੂੰ ਬਸਪਾ ਵੱਲ ਖਿੱਚ ਸਕਦਾ ਹੈ।

ਸੰਗਠਨ ਵਿੱਚ ਨਵੀਂ ਊਰਜਾ: ਰੀ-ਸ਼ਫਲਿੰਗ ਅਤੇ ਨਵੇਂ ਜ਼ਿੰਮੇਵਾਰ ਵਰਕਰਾਂ ਨਾਲ ਪਾਰਟੀ ਵਿੱਚ ਉਤਸ਼ਾਹ ਪੈਦਾ ਹੋ ਸਕਦਾ ਹੈ। ਪਰ ਪਾਰਟੀ ਨੂੰ ਅਜੇ ਵੀ ਆਪਣੇ ਕੋਰ ਦਲਿਤ ਵੋਟ ਬੈਂਕ (ਖਾਸ ਕਰ ਜਾਟਵ) ਨੂੰ ਬਰਕਰਾਰ ਰੱਖਣਾ ਪਵੇਗਾ।

ਸਿਆਸੀ ਮਾਹੌਲ ਉੱਤੇ ਅਸਰ: ਇਹ ਮੀਟਿੰਗ ਬਸਪਾ ਨੂੰ ਇੱਕ ਵੱਖਰੀ ਤਾਕਤ ਵਜੋਂ ਪੇਸ਼ ਕਰਦੀ ਹੈ, ਜੋ ਨਾ ਐੱਨਡੀਏ ਨਾਲ ਹੈ ਅਤੇ ਨਾ ਹੀ ਇੰਡੀਆ ਗਠਬੰਧਨ ਨਾਲ। ਇਹ ਬੀਜੇਪੀ ਲਈ ਚੁਣੌਤੀ ਬਣ ਸਕਦੀ ਹੈ ਜੇ ਬ੍ਰਾਹਮਣ ਵੋਟ ਸ਼ਿਫਟ ਹੋਵੇ, ਅਤੇ ਐੱਸਪੀ ਲਈ ਵੀ ਜੇ ਮੁਸਲਿਮ-ਬਹੁਜਨ ਵੋਟ ਵੰਡ ਜਾਵੇ।

ਕੁੱਲ ਮਿਲਾ ਕੇ, ਇਹ ਮੀਟਿੰਗ "ਮਿਸ਼ਨ 2027" ਦੀ ਸ਼ੁਰੂਆਤ ਵਰਗੀ ਹੈ - ਜਿੱਥੇ ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਪੁਰਾਣੀ ਸਫਲਤਾ ਨੂੰ ਰਿਪੀਟ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਸਫਲਤਾ ਵੋਟਰਾਂ ਦੀ ਧਰਤੀ ਉੱਤੇ ਅਸਲ ਸੰਗਠਨ ਅਤੇ ਗਠਜੋੜਾਂ ਉੱਤੇ ਨਿਰਭਰ ਕਰੇਗੀ।

ਲਾਲ ਸਿੰਘ ਸੁਲਹਾਣੀ
ਜਰਨਲ ਸਕੱਤਰ
ਬਸਪਾ ਪੰਜਾਬ।

ਕਿਸਾਨਾਂ ਅਤੇ ਮਜ਼ਦੂਰ ਜਥੇਬੰਦੀ ਨੇ ਕਿਸਾਨਾਂ ਨਾਲ ਸਰਕਾਰ ਦੀ ਧੱਕੇਸ਼ਾਹੀ ਦੇ ਵਿਰੋਧ ਵਿੱਚ ਸਰਕਾਰ ਦੀ ਅਰਥੀ ਫੂਕੀ

ਮਹਿਤਪੁਰ (ਹਰਜਿੰਦਰ ਸਿੰਘ ਚੰਦੀ)– ਕਿਰਤੀ ਕਿਸਾਨ ਯੂਨੀਅਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਨਕੋਦਰ ਤਹਿਸੀਲ ਦੇ ਪਿੰਡ ਉਧੋਵਾਲ ਅਤੇ ਮੰਡਿਆਲਾ ਵਿੱਚ ਪੰਜਾਬ ਸਰਕਾਰ ਦੀ ਅਰਥੀ ਫੂਕੀ ਕਿਸਾਨ ਜਿਹੜੇ ਜੇਲ੍ਹ ਬੰਦ ਕੀਤੇ ਆਗੂਆਂ ਦੀ ਰਿਹਾਈ ਲਈ ਬੀਕੇਯੂ ਏਕਤਾ ਉਗਰਾਹਾਂ ਦੀ ਅਗਵਾਈ ਚ ਬਠਿੰਡਾ ਪ੍ਰਦਰਸ਼ਨ ਕਰਨ ਜਾ ਰਹੇ ਸਨ। ਉਹਨਾਂ ਉੱਤੇ ਆਪ ਸਰਕਾਰ ਦੀ ਸ਼ਹਿ ਤੇ ਪੰਜਾਬ ਪੁਲਿਸ ਵੱਲੋਂ ਲਾਠੀ ਚਾਰਜ ਕੀਤੇ ਜਾਣ ਦੀ ਸਖਤ ਨਖੇਦੀ ਕਰਦਿਆਂ । ਕਿਸਾਨ ਮਜ਼ਦੂਰ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਗਰਾਹਾਂ ਜਥੇਬੰਦੀ ਦੇ ਆਗੂਆਂ, ਕਾਰਕੁਨਾਂ ਦੇ ਦੇਰ ਰਾਤ ਤੋਂ ਘਰਾਂ ਵਿੱਚ ਛਾਪੇਮਾਰੀ ਕਰਕੇ 4 ਦਰਜਨ ਤੋਂ ਵੱਧ ਨੂੰ ਕਿਸਾਨਾਂ ਆਗੂਆਂ ਨੂੰ ਗ੍ਰਿਫਤਾਰ ਕਰਨ ਤੇ ਅਨੇਕਾਂ ਨੂੰ ਘਰਾਂ ਵਿੱਚ ਨਜ਼ਰਬੰਦ ਕਰਨ ਅਤੇ ਬਰਨਾਲਾ, ਸੰਗਰੂਰ ਵਿਖੇ ਲਾਠੀਚਾਰਜ ਕਰਨਾ ਨਿੰਦਣ ਯੋਗ। ਕਿਰਤੀ ਕਿਸਾਨ ਯੂਨੀਅਨ ਦੀ ਔਰਤ ਆਗੂ ਗੁਰਦੇਵ ਕੌਰ ਨਾਗਰਾ, ਮਨਜੀਤ ਕੌਰ, ਪਰਮਜੀਤ ਕੌਰ, ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ , ਕਸ਼ਮੀਰ ਮੁਡਿਆਲਾ, ਸੁਖਦੇਵ ਮੰਡਿਆਲਾ, ਬਖਸ਼ੋ ਰਾਣੀ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਤਰਨਜੀਤ ਮਾਨ, ਸਤਨਾਮ ਸਿੰਘ, ਨੇ ਕਿਹਾ ਕਿ ਬਠਿੰਡਾ ਦੇ ਜਿਉਦ ਪਿੰਡ ਵਿੱਚ ਜਮੀਨ ਬਚਾਉਣ ਲਈ ਕਿਰਤੀ ਲੋਕ ਸੰਘਰਸ਼ ਕਰ ਰਹੇ ਹਨ। ਜਿਸ ਨੂੰ ਦਬਾਉਣ ਲਈ ਸੂਬਾ ਸਰਕਾਰ ਦੇ ਇਸ਼ਾਰੇ ਉੱਤੇ ਪੰਜਾਬ ਪੁਲਿਸ ਵਲੋਂ ਦੋ

ਆਗੂਆਂ ਨੂੰ ਪਿਛਲੇ ਲੰਬੇ ਸਮੇਂ ਤੋਂ ਜੇਲ੍ਹ ਡੱਕਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਬਠਿੰਡਾ ਜੇਲ੍ਹ ਵਿੱਚ ਬੰਦ ਕੀਤੇ ਕਿਸਾਨ ਆਗੂ ਸ਼ਗਨਦੀਪ ਸਿੰਘ ਸ਼ਗਨੀ ਅਤੇ ਬਲਦੇਵ ਸਿੰਘ ਚੌਕੇ ਦੀ ਰਿਹਾਈ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਬਠਿੰਡਾ ਵਿਖੇ ਪੰਜਾਬ ਪੱਧਰੀ ਪੱਕਾ ਮੋਰਚਾ 6 ਫ਼ਰਵਰੀ ਤੋਂ ਸ਼ੁਰੂ ਕੀਤਾ ਜਾ ਰਿਹਾ ਸੀ। ਇਸ ਮੋਰਚੇ ਨੂੰ ਤਾਰਪੀਡੋ ਕਰਨ ਲਈ ਪੰਜਾਬ ਸਰਕਾਰ ਦੇ ਇਸ਼ਾਰੇ ਉੱਤੇ ਪੁਲਿਸ ਵਲੋਂ ਪੰਜਾਬ ਭਰ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਦੇ ਘਰ ਵਿਚ ਛਾਪੇਮਾਰੀ ਕਰਕੇ ਚਾਰ ਦਰਜਨ ਤੋਂ ਵੱਧ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਕੀਤਾ ਅਤੇ ਕਈ ਕਿਸਾਨ ਆਗੂਆਂ ਨੂੰ ਘਰਾਂ ਵਿੱਚ ਨਜ਼ਰਬੰਦ ਕੀਤਾ ਗਿਆ ਹੈ। ਬਰਨਾਲਾ ਤੇ ਸੰਗਰੂਰ ਆਦਿ ਵਿਖੇ ਅੱਗੇ ਵੱਧ ਰਹੇ ਕਿਸਾਨਾਂ ਤੇ ਕਿਸਾਨ ਬੀਬੀਆਂ ਉੱਪਰ ਲਾਠੀਚਾਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਜ਼ਬਰ ਦਾ ਰਾਹ ਅਖਤਿਆਰ ਕਰਦਿਆਂ ਲੋਕਾਂ ਦੇ ਇਕੱਠੇ ਹੋਣ,ਬੋਲਣ ਅਤੇ ਵਿਰੋਧ ਪ੍ਰਗਟ ਕਰਨ ਦੇ ਮਨੁੱਖੀ ਅਧਿਕਾਰਾਂ ਅਤੇ ਜਮਹੂਰੀ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ। ਪੰਜਾਬ ਸਰਕਾਰ ਹਰ ਵਰਗ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਹੋਰ ਵਰਗਾਂ ਦੇ ਹਰ ਸੰਘਰਸ਼ ਨੂੰ ਡੰਡੇ ਦੇ ਜ਼ੋਰ ਉੱਪਰ ਕੁਚਲਣ ਦੇ ਰਾਹ ਪਈ ਹੋਈ ਹੈ। ਜੋ ਸ਼ਰੇਆਮ ਸਾਡੇ ਲੋਕਤੰਤਰ ਤੇ ਜਮਹੂਰੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਬਿਤ ਕਰ ਦਿੱਤਾ ਕਿ ਉਸ ਦਾ ਕਿਰਦਾਰ ਕੋਈ ਵੱਖਰਾ ਨਹੀਂ। ਬਾਕੀ ਹਾਕਮ ਪਾਰਟੀਆਂ ਵਾਂਗ ਉਹ ਵੀ ਲੋਕਾਂ ਦੇ ਹੱਕੀ ਆਵਾਜ਼ ਨੂੰ ਜਬਰ ਨਾਲ ਦਬਾਉਣਾ ਚਾਹੁੰਦੀ ਹੈ ਜਿਸ ਦੀ ਉਹਨੂੰ ਵੱਡੀ ਕੀਮਤ ਤਾਰਨੀ ਪਵੇਗੀ।





Buddhist Influence on the Social Philosophy of Saint Ravidas: A Critical Study



SR Darapuri I.P.S.(Retd)

(Asian independent) This paper examines the social and ethical philosophy of Saint Ravidas (15th–16th century) in the light of Buddhist thought. Although there is no historical evidence to suggest that Ravidas was institutionally or doctrinally a Buddhist, his teachings display strong convergence with Buddhist ethics, particularly in their rejection of caste hierarchy, ritualism, and Brahmanical authority, and in their emphasis on human equality, dignity of labour, and moral conduct. Ravidas' concept of Begumpura—a sorrowless, casteless, and fear-free society—closely resembles the Buddhist social imagination embodied in the Sangha, Ashokan Dhamma, and modern Navayana Buddhism as articulated by Dr. B.R. Ambedkar. The paper argues that Ravidas should be understood as a Bhakti saint who carried forward the ethical legacy of the Śramaṇa–Buddhist tradition within a hostile Brahmanical milieu.

Introduction

Saint Ravidas occupies a crucial position in the history of Indian social thought, particularly within Dalit–Bahujan intellectual traditions. While mainstream historiography often situates him narrowly within the Bhakti movement, such an approach tends to depoliticize and desocialize his radical critique of caste and hierarchy.

This paper seeks to address a significant but underexplored question: Was there a Buddhist influence on the teachings of Saint Ravidas? This is not merely a question of religious affiliation, but one concerning historical continuity of anti-caste, anti-Brahmanical traditions in India.

Historical Context: Buddhism after Decline and the Rise of Bhakti

By the time of Ravidas, Buddhism had largely declined as an organized institutional religion in India. However, as scholars have argued, the ethical and social values of Buddhism did not disappear with the decline of monasteries. Instead, they survived in: Popular culture and folklore, Artisan and labouring communities and Śramaṇa-inspired egalitarian traditions.

The Bhakti movement, particularly in its non-Brahmanical strands, became an important vehicle through which these values re-emerged in vernacular, devotional forms.

Social Philosophy of Saint Ravidas

Born into a leather-working (Chamar) community, Ravidas was located at the bottom of the Brahmanical social hierarchy. His lived experience of untouchability profoundly shaped his philosophy. The core elements of Ravidas' thought include: Rejection of caste and birth-based hierarchy, Assertion of the dignity of labour, Critique of ritual purity and pollution and Primacy of ethical conduct over scriptural authority.

For Ravidas, spirituality was inseparable from social equality and moral behaviour, a position strikingly like that of the Buddha.

Begumpura: A Buddhist Social Imagination

Ravidas' most celebrated contribution is his vision of Begumpura, described as a city where: There is no sorrow or suffering, there is no tax or exploitation, there is no fear or domination and There is no caste or social exclusion.

This vision is not metaphysical or otherworldly. Instead, it represents a this-worldly moral and social ideal, which resonates deeply with Buddhist thought.

4.1 The Buddhist Sangha

The Sangha was founded on principles of equality, collective living, and rejection of caste distinctions.

4.2 Ashokan Dhamma

Ashoka's Dhamma emphasized compassion, justice, welfare, and moral governance rather than ritual religion.

4.3 Ambedkar's Navayana

Dr. B.R. Ambedkar's interpretation of Buddhism also envisages a society free from caste oppression and structural inequality.

Begumpura can thus be read as part of a continuous Buddhist social imagination, articulated through the idiom of Bhakti.

Anti-Brahmanism and the Buddhist Legacy

Although Ravidas used devotional language, his social critique was fundamentally anti-Brahmanical because he rejected the authority of Brahmins as intermediaries, he denied the religious legitimacy of caste and he opposed ritualism and textual orthodoxy

This mirrors the Buddha's critique of Brahmanism, which Ambedkar described as a moral revolution against graded inequality.

Differences and Limitations

Despite strong parallels, it is important to acknowledge key differences: Ravidas employed theistic and devotional language, Buddhism is explicitly non-theistic and Ravidas did not construct a systematic philosophical doctrine. Therefore, the influence should be understood as ethical and social rather than doctrinal or theological.

. An Ambedkarite Reinterpretation

Although Dr. Ambedkar did not write directly on Ravidas, his analytical framework allows us to reinterpret Ravidas as: A carrier of the Śramaṇa–Buddhist ethical tradition, A critic of Brahmanical social order and A precursor to modern Dalit emancipation movements.

From this perspective, Ravidas becomes a historical bridge between classical Buddhism and modern anti-caste struggles.

Conclusion

This paper concludes that Saint Ravidas was not a Buddhist in the formal or institutional sense, but his teachings were profoundly shaped by the ethical legacy of Buddhism. His rejection of caste, emphasis on human dignity, and vision of Begumpura reflect the enduring influence of Buddhist social philosophy within subaltern traditions.

Saint Ravidas should therefore be understood not merely as a Bhakti saint, but as a social philosopher whose work represents the survival and transformation of Buddhist egalitarian ethics in medieval India

Government's Failure to Provide Adequate Welfare for Dalits



THE ASIAN INDEPENDENT UK

A Broken Promise to 16% of India's Population

India's Scheduled Castes, known as Dalits, make up 16% of the country's population. These communities have faced centuries of discrimination and exclusion. The government has a special duty to uplift them through targeted welfare programs and adequate funding. However, the 2025 Union Budget shows that the government has failed miserably in this responsibility.

Where Is the Money Really Going?

The government claims to allocate funds for Scheduled Castes, but most of this money disappears into general schemes. These are programs that anyone can access, not targeted welfare for Dalits. This is like promising to help a specific group of people who are struggling, then spending most of the money on things that help everyone equally. When you start far behind, equal treatment keeps you behind. Dalits face specific challenges: caste-based discrimination, lower access to education, fewer economic opportunities, violence and atrocities, and social exclusion. They need targeted programs to overcome these barriers. General schemes cannot address these specific problems.

Even Protection Has Been Cut

Perhaps the most shocking part is what happened to programs meant to protect Dalits from violence and discrimination. The budget for implementing the SC/ST Prevention of Atrocities Act and the Civil Rights Act was actually reduced—from ₹500 crores to ₹463 crores. This is the law that protects Dalits from caste-based violence and ensures their basic rights. At a time when atrocities against Scheduled Castes continue to be reported regularly, the government has chosen to give less money for their protection.

This sends a clear message: the safety and dignity of Dalit communities is not a priority.

The Gap Between Promise and Reality

The government announces schemes with impressive names and numbers. There are entrepreneurship loans, scholarships, and livelihood programs. On paper, these look good. But when we examine the actual allocation and implementation, the reality is disappointing.

Bal Ram Sampla
Bal Ram Sampla
Geopolitics

For example, while scholarship allocations have increased over the years, they remain a tiny fraction of what is needed. When 16% of the population receives only 3.32% of the budget, no amount of clever accounting can hide the basic injustice.

The entrepreneurship scheme promises loans to first-time entrepreneurs from marginalized communities. This sounds progressive, but loans are not grants. They must be repaid with interest. For communities that have been systematically denied access to capital and economic opportunities for generations, offering loans without adequate support systems is not enough.

What Adequate Welfare Would Look Like

If the government was serious about Dalit welfare, the budget allocation should at least match their population percentage. Better still, it should exceed it to compensate for historical disadvantages and current discrimination.

Adequate welfare would mean:

(1) Budget allocation proportional to population, at minimum 16% of the total budget directed specifically toward Scheduled Caste communities

(2) Money spent on targeted programs, not diverted to general schemes that dilute the impact

(3) Increased funding for protection laws and their implementation, not cuts to these vital protections

(4) Investment in education, housing, land rights, and economic empowerment designed specifically for Dalit communities

(5) Serious action on manual scavenging, bonded labor, and other caste-based exploitation that Dalits still face

A Question of Justice

This is not about charity or handouts. This is about justice and constitutional duty. The Indian Constitution promises equality, dignity, and special provisions to uplift historically marginalized communities. When the government allocates less than 4% of its budget to 16% of its citizens who need it most, it violates this constitutional promise.

